ਕੈਲੀਫੋਰਨੀਆ ਡ੍ਰੀਮ ਫੰਡ ਦਾ ਕੈਲੀਫੋਰਨੀਆ ਆਫਿਸ ਆਫ ਦਾ ਸਮਾਲ ਬਿਜ਼ਨਸ ਐਡਵੋਕੇਟ (CalOSBA) ਦੁਆਰਾ ਤਕਨੀਕੀ ਸਹਾਇਤਾ ਵਿਸਤਾਰ ਕਾਰਜਕ੍ਰਮ (TAEP) ਦੇ ਚੁਣਿੰਦਾ ਕੇਂਦਰਾਂ ਦੇ ਜਰੀਏ ਪ੍ਰਬੰਧਨ ਕੀਤਾ ਜਾਂਦਾ ਹੈ।



CALIFORNIA DREAM FUND

ਕੈਲੀਫੋਰਨੀਆ ਵਿੱਚ ਉੱਦਮੀਆਂ ਅਤੇ ਛੋਟੇ ਵਪਾਰਕ ਨਿਰਮਾਣ ਲਈ $10,000 ਤਕ ਦੀਆਂ ਮਾਇਕ੍ਰੋਗ੍ਰਾਂਟਾਂ ਪ੍ਰਦਾਨ ਕਰਦੇ ਹੋਏ।

# ਪ੍ਰੋਗਰਾਮ ਅਤੇ ਐਪਲੀਕੇਸ਼ਨ ਗਾਈਡ

ਸੰਸ਼ੋਧਿਤ 05.03.22

# ਕਾਰਜਕ੍ਰਮ ਦਾ ਸੰਖੇਪ ਵਿਵਰਣ

CALIFORNIA DREAM FUND

ਕੈਲੀਫੋਰਨੀਆ ਡ੍ਰੀਮ ਫੰਡ ਗ੍ਰਾਂਟ ਪ੍ਰੋਗਰਾਮ (CDFG ਜਾਂ ਡ੍ਰੀਮ ਫੰਡ) ਦਾ ਘੱਟ ਸੇਵਾ ਵਾਲੇ ਛੋਟੇ ਵਪਾਰਕ ਸਮੂਹਾਂ ਵਿੱਚ ਜੋ ਪੂੰਜੀ ਅਤੇ ਅਵਸਰ ਦੇ ਅੰਤਰਾਂ ਦਾ ਸਾਮ੍ਹਣਾ ਕਰ ਰਹੇ ਹਨ, ਉੱਦਮਤਾ ਅਤੇ ਛੋਟੇ ਵਪਾਰਕ ਨਿਰਮਾਣ ਲਈ $10,000 ਤਕ ਦੀਆਂ ਮਾਇਕ੍ਰੋਗ੍ਰਾਂਟਾਂ ਪ੍ਰਦਾਨ ਕਰਨ ਲਈ ਸੀਨੇਟ ਬਿਲ ਨੰ. 151 (ਸਰਕਾਰੀ ਕੋਡ ਧਾਰਾ 12100.63) ਦੁਆਰਾ 2021 ਵਿੱਚ ਨਿਰਮਾਣ ਕੀਤਾ ਗਿਆ ਸੀ।

ਕੈਲੀਫੋਰਨੀਆ ਛੋਟੇ ਵਪਾਰ ਦੇ ਤਕਨੀਕੀ ਸਹਾਇਤਾ ਵਿਸਤਾਰ ਪ੍ਰੋਗਰਾਮ (SB TAEP) ਦਾ ਇਸ ਰਾਜ ਵਿੱਚ ਛੋਟੇ ਵਪਾਰਾਂ ਅਤੇ ਉੱਦਮੀਆਂ ਨੂੰ ਵਿਅਕਤੀਗਤ, ਗੁਪਤ, ਮੁਫਤ, ਜਾਂ ਘੱਟ ਲਾਗਤ ਦੀ ਸਲਾਹਕਾਰੀ ਅਤੇ ਸਿਖਲਾਈ ਪ੍ਰਦਾਨ ਕਰਨ ਵਾਲੇ ਸੰਘੀ ਤੌਰ ਤੇ ਪ੍ਰਦਾਨ ਕੀਤੇ ਗਏ ਛੋਟੇ ਵਪਾਰਕ ਸਹਾਇਤਾ ਪ੍ਰੋਗਰਾਮਾਂ ਦੀਆਂ ਸੇਵਾਵਾਂ ਦਾ ਵਿਸਤਾਰ ਕਰਨ ਲਈ 2018 ਵਿੱਚ ਨਿਰਮਾਣ ਕੀਤਾ ਗਿਆ ਸੀ। SB TAEP ਸਰਕਾਰੀ ਕੋਡ ਧਾਰਾ 12100-12100.69 ਵਿੱਚ ਲਾਗੂ ਕੀਤਾ ਗਿਆ ਸੀ। ਗਰਵਨਰ ਆਫਿਸ ਆਫ ਬਿਜ਼ਨਸ ਐਂਡ ਇਕੋਨੋਮਿਕ ਡਵੇਲਪਮੇਂਟ (GO-Biz) ਦੇ ਅੰਦਰ ਆਫਿਸ ਆਫ ਦਾ ਸਮਾਲ ਬਿਜ਼ਨਸ ਐਡਵੋਕੇਟ (CalOSBA) ਤੇ SB TAEP ਲਈ ਜਿੰਮੇਵਾਰੀ ਦੇਣ ਅਤੇ ਪ੍ਰਦਾਨ ਕਰਨ ਦਾ ਚਾਰਜ ਹੈ।

ਡ੍ਰੀਮ ਫੰਡ ਛੋਟੇ ਵਪਾਰਾਂ (**ਸਟਾਰਟ-ਅਪਸ**) ਨੂੰ ਪਾੱਤਰ ਕਰਨ ਲਈ ਇੱਕ ਵਾਰ ਦੀ ਮਨਜ਼ੂਰ ਕੀਤੀ ਰਕਮ ਪ੍ਰਦਾਨ ਕਰਨ ਵਿੱਚ ਪੈਂਤੀ ਮਿਲਿਅਨ ਡਾਲਰ ($35,000,000) ਦੀ ਰਕਮ ਪ੍ਰਦਾਨ ਕਰਦਾ ਹੈ ਜਿਨ੍ਹਾਂ ਨੂੰ 2021-22 SB TAEP ਪੁਰਸਕਾਰ ਦਿੱਤੇ ਕੇਂਦਰਾਂ ਵਿੱਚੋਂ ਕਿਸੇ ਇੱਕ ਦੇ ਜਰੀਏ ਇੱਕ ਸਿਖਲਾਈ ਪ੍ਰੋਗਰਾਮ ਨੂੰ ਪੂਰਾ ਕੀਤਾ ਹੈ।

CALIFORNIA DREAM FUND

**ਮਨਜ਼ੂਰੀ ਪ੍ਰਾਪਤਕਰਤਾ: ਛੋਟੇ ਵਪਾਰ ਅਤੇ ਗੈਰ-ਮੁਨਾਫਾ ਸੰਸਥਾਵਾਂ**

ਡ੍ਰੀਮ ਫੰਡ ਮਨਜ਼ੂਰੀ ਪ੍ਰਾਪਤ ਕਰਨ ਦੇ ਯੋਗ ਹੋਣ ਲਈ ਇੱਕ ਛੋਟੇ ਵਪਾਰ ਜਾਂ ਛੋਟੇ ਗੈਰ-ਮੁਨਾਫਾ ਸੰਸਥਾ ਦਾ ਹੇਠਾਂ ਦਿੱਤੇ ਮਾਪਦੰਡ ਨੂੰ ਪੂਰਾ ਕਰਨਾ ਲਾਜ਼ਮੀ ਹੈ:

1. ਇੱਕ ਪਾੱਤਰ ਛੋਟੇ ਵਪਾਰ ਦੀ ਪਰਿਭਾਸ਼ਾ ਨੂੰ ਪੂਰਾ ਕਰਨਾ ਲਾਜ਼ਮੀ ਹੈ (ਪੰਨਾ 4-7 ਤੇ ਪਰਿਭਾਸ਼ਾਵਾਂ ਨੂੰ ਦੇਖੋ);

2. ਇੱਕ ਵਪਾਰਕ ਸਿਖਲਾਈ ਪ੍ਰੋਗਰਾਮ ਦਾ ਇੱਕ ਪੁਸ਼ਟੀਕ੍ਰਿਤ ਸਮਾਪਨ ਅਤੇ ਇੱਕ SB TAEP ਦੁਆਰਾ ਪੈਸਾ ਲਗਾਏ ਕੇਂਦਰ ("SB TAEP ਕੇਂਦਰ") ਦੇ ਨਾਲ ਵਿਅਕਤੀਗਤ ਸਲਾਹਕਾਰੀ;

3. 1 ਜੁਲਾਈ, 2019 ਤੋਂ ਬਾਅਦ ਕੈਲੀਫੋਰਨੀਆ ਰਾਜ ਵਿੱਚ ਵਪਾਰ ਨੂੰ ਪੰਜੀਕ੍ਰਿਤ ਕੀਤਾ ਗਿਆ ਹੈ ਜਾਂ ਇੱਕ ਵਪਾਰਕ ਲਾਇਸੰਸ ਹਾਸਲ ਕੀਤਾ ਹੈ;

4. ਕੈਲੀਫੋਰਨੀਆ ਰਾਜ ਵਿੱਚ ਵਪਾਰ ਸ਼ੁਰੂ ਕਰਨ ਲਈ ਲੋੜੀਂਦੇ ਦਸਤਾਵੇਜ਼ ਜਮ੍ਹਾਂ ਕੀਤੇ ਹਨ;

5. ਡ੍ਰੀਮ ਫੰਡ ਮਨਜ਼ੂਰੀ ਲਈ ਉਨ੍ਹਾਂ ਦੀ ਪਾੱਤਰਤਾ ਲਈ ਪੁਸ਼ਟੀ ਕਰਨ ਵਾਲੇ ਇੱਕ ਸਵੈ-ਪ੍ਰਮਾਣੀਕਰਨ ਨੂੰ ਜਮ੍ਹਾਂ ਕੀਤਾ ਹੈ; ਅਤੇ

6. SB TAEP ਕੇਂਦਰ ਤੋਂ ਇੱਕ ਪ੍ਰਮਾਣ-ਪੱਤਰ ਹਾਸਲ ਕੀਤਾ ਹੈ ਜੋ ਲੋੜੀਂਦੀ ਡ੍ਰੀਮ ਫੰਡ ਸਿਖਲਾਈ ਲਈ ਉਨ੍ਹਾਂ ਦੀ ਪਾੱਤਰਤਾ ਅਤੇ ਪੂਰਤੀ ਦੀ ਪੁਸ਼ਟੀ ਕਰਦਾ ਹੈ।

ਹੇਠਾਂ ਦਿੱਤੇ ਵਪਾਰ ਕੈਲੀਫੋਰਨੀਆ ਡ੍ਰੀਮ ਫੰਡ ਦੇ ਤਹਿਤ ਇੱਕ ਮਨਜ਼ੂਰੀ ਦੇਣ ਲਈ ਪਾੱਤਰ ਨਹੀਂ ਹਨ:

1. ਉਹ ਵਪਾਰ ਜਿਨ੍ਹਾਂ ਨੇ 1 ਜੁਲਾਈ, 2019 ਤੋਂ ਪਹਿਲਾਂ ਰਜਿਸਟਰ ਕੀਤਾ;
2. ਕੈਲੀਫੋਰਨੀਆ ਵਿੱਚ ਭੌਤਿਕ ਸਥਾਨ ਤੋਂ ਬਿਨਾਂ ਵਾਲੇ ਵਪਾਰ;
3. ਜਾਂ ਤੇ ਇੱਕ 501(c)(3), 501(c)(6) ਜਾਂ ਫੇਰ 501(c)(19) ਵਜੋਂ ਰਜਿਸਟਰ ਨਾ ਕੀਤੇ ਗਏ ਗੈਰ-ਮੁਨਾਫਾ ਵਪਾਰ;
4. ਸਰਕਾਰੀ ਸੰਸਥਾਵਾਂ (ਮੂਲ ਅਮਰੀਕੀ ਕਬੀਲਿਆਂ ਤੋਂ ਇਲਾਵਾ) ਜਾਂ ਚੁਣੇ ਗਏ ਅਧਿਕਾਰਕ ਦਫਤਰ;
5. ਪ੍ਰਮੁੱਖ ਤੌਰ ਤੇ ਰਾਜਨੀਤਿਕ ਜਾਂ ਪੈਰਵੀ ਗਤੀਵਿਧੀਆਂ ਵਿੱਚ ਸ਼ਾਮਲ ਵਪਾਰ (ਇਸ ਦੀ ਪਰਵਾਹ ਕੀਤੇ ਬਿਨਾਂ ਕਿ ਕੀ ਅਜਿਹੀਆਂ ਸੰਸਥਾਵਾਂ 501(c)(3), 501(c)(6) ਜਾਂ 501(c)(19) ਵਜੋਂ ਪਾੱਤਰ ਹੁੰਦੀਆਂ ਹਨ ਜਾਂ ਨਹੀਂ);
6. ਅਕਿਰਿਆਸ਼ੀਲ ਵਪਾਰ, ਨਿਵੇਸ਼ ਕੰਪਨੀਆਂ ਅਤੇ ਨਿਵੇਸ਼ਕ ਜੋ ਉਨ੍ਹਾਂ ਦੀਆਂ ਨਿੱਜੀ ਕਰ ਰਿਟਰਨਾਂ ਤੇ ਅਨੁਸੂਚੀ E ਨੂੰ ਫਾਈਲ ਕਰਦੇ ਹਨ;
7. ਸਕੂਲ, ਬਾਲ ਦੇਖਭਾਲ, ਜਾਂ ਹੋਰ ਐਫੀਲੀਏਟਿਡ ਸਿੱਖਿਅਕ ਵਪਾਰਾਂ ਤੋਂ ਇਲਾਵਾ, ਚਰਚ ਅਤੇ ਹੋਰ ਧਾਰਮਿਕ ਸੰਸਥਾਵਾਂ (ਇਸ ਦੀ ਪਰਵਾਹ ਕੀਤੇ ਬਿਨਾਂ ਕਿ ਕੀ ਅਜਿਹੀਆਂ ਸੰਸਥਾਵਾਂ 501(c)(3), 501(c)(6) ਜਾਂ 501(c)(19) ਦੇ ਰੂਪ ਵਿੱਚ ਯੋਗ ਹਨ) ਜਿੱਥੇ (i) ਕੁੱਲ ਸਲਾਨਾ ਆਮਦਨੀ ਦੇ 50% ਨਾਲੋਂ ਜਿਆਦਾ ਨੂੰ ਸਕੂਲ, ਬਾਲ ਦੇਖਭਾਲ ਸੁਵਿਧਾ ਕੇਂਦਰ ਜਾਂ ਸਿੱਖਿਅਕ ਵਪਾਰ ਤੋਂ ਪ੍ਰਾਪਤ ਕੀਤਾ ਜਾਂਦਾ ਹੈ ਅਤੇ (ii) ਮਨਜ਼ੂਰੀ ਦਾ ਸਿਰਫ ਪਾੱਤਰ ਲਾਗਤਾਂ ਅਤੇ ਸਕੂਲ, ਬਾਲ ਦੇਖਭਾਲ, ਜਾਂ ਹੋਰ ਸਿੱਖਿਅਕ ਵਪਾਰ ਨਾਲ ਪਰਤੱਖ ਤੌਰ ਤੇ ਸਬੰਧਤ ਖਰਚਿਆਂ ਲਈ ਹੀ ਉਪਯੋਗ ਕੀਤਾ ਜਾਵੇਗਾ, ਅਤੇ ਮਨਜ਼ੂਰੀ ਦਾ ਕਿਸੇ ਵੀ ਹਿੱਸੇ ਦਾ ਚਰਚ ਜਾਂ ਹੋਰ ਧਾਰਮਿਕ ਸੰਸਥਾਨ ਦੇ ਕਿਸੇ ਵੀ ਸਧਾਰਣ ਮੁਨਾਫੇ ਜਾਂ ਪੱਕੇ ਖਰਚਿਆਂ ਲਈ ਉਪਯੋਗ ਨਹੀਂ ਕੀਤਾ ਜਾਵੇਗਾ;
8. ਪ੍ਰਮੁੱਖ ਤੌਰ ਤੇ ਕਰਜਾ ਦੇਣ ਦੇ ਵਪਾਰ ਵਿੱਚ ਲੱਗੇ ਵਿੱਤੀ ਵਪਾਰ, ਜਿਵੇਂ ਕਿ ਬੈਂਕ, ਵਿੱਤੀ ਕੰਪਨੀਆਂ ਅਤੇ ਫੈਕਟਰਿੰਗ ਕੰਪਨੀਆਂ;
9. ਕਿਸੇ ਵੀ ਅਜਿਹੀ ਗਤੀਵਿਧੀ ਵਿੱਚ ਲੱਗੇ ਵਪਾਰ ਜੋ ਸੰਘੀ, ਰਾਜ ਜਾਂ ਸਥਾਨਕ ਕਾਨੂੰਨ ਦੇ ਤਹਿਤ ਗੈਰ-ਕਾਨੂੰਨੀ ਹੈ; ਅਤੇ
10. ਕਾਮਵਾਸਨਾ ਜਾਂ ਲਿੰਗੀ ਪ੍ਰਕਿਰਤੀ ਦੇ ਵਪਾਰ।

# ਪਰਿਭਾਸ਼ਾਵਾਂ

ਇਸ ਪ੍ਰੋਗਰਾਮ ਨਾਲ ਸਬੰਧਤ ਪਰਿਭਾਸ਼ਾਵਾਂ ਨੂੰ ਥੱਲੇ ਦਿੱਤਾ ਗਿਆ ਹੈ।

A. ਡ੍ਰੀਮ ਫੰਡ ਪ੍ਰੋਗਰਾਮ ਲਈ "**ਛੋਟੇ ਵਪਾਰ**" ਦਾ ਮਤਲਬ 5 ਜਾਂ ਘੱਟ ਕਰਮਚਾਰੀਆਂ ਅਤੇ ਸਲਾਨਾ ਪ੍ਰਾਪਤੀਆਂ ਵਿੱਚ $1 ਮਿਲੀਅਨ ਜਾਂ ਘੱਟ ਵਾਲਾ ਵਪਾਰ ਹੈ।

B. "**ਛੋਟੇ ਵਪਾਰ ਦਾ ਤਕਨੀਕੀ ਸਹਾਇਤਾ ਕੇਂਦਰ**" ਵਿੱਚ ਇੱਕ ਸੰਘੀ ਛੋਟੇ ਵਪਾਰ ਦਾ ਤਕਨੀਕੀ ਸਹਾਇਤਾ ਕੇਂਦਰ ਜਾਂ ਕੋਈ ਸਥਾਪਿਤ 501c(3) ਗੈਰ-ਮੁਨਾਫਾ ਸਮੁਦਾਏ-ਅਧਾਰਤ ਸੰਗਠਨ ਸ਼ਾਮਲ ਹੈ ਜਿਸ ਦੇ ਮਿਸ਼ਨ ਵਿੱਚ ਘੱਟ ਸੇਵਾ ਵਾਲੇ ਸੂਖਮ-ਵਪਾਰਾਂ ਜਾਂ ਛੋਟੇ ਵਪਾਰਾਂ ਅਤੇ ਉੱਦਮੀਆਂ ਦਾ ਆਰਥਿਕ ਸਸ਼ਕਤੀਕਰਨ ਸ਼ਾਮਲ ਹੈ ਅਤੇ ਜੋ ਉੱਦਮਸ਼ੀਲਤਾ ਜਾਂ ਛੋਟੇ ਵਪਾਰ ਦੇ ਵਿਕਾਸ ਦੇ ਪ੍ਰੋਗਰਾਮਾਂ ਦਾ ਸੰਚਾਲਨ ਕਰਦੇ ਹਨ ਜੋ ਉਨ੍ਹਾਂ ਦੇ ਲੌਂਚ ਅਤੇ ਟਿਕਾਊ ਵਾਧੇ ਨੂੰ ਯੋਗ ਕਰਨ ਲਈ ਕੈਲੀਫੋਰਨੀਆ ਦੇ ਘੱਟ ਸੇਵਾ ਵਾਲੇ ਵਪਾਰਾਂ ਅਤੇ ਉੱਦਮੀਆਂ ਨੂੰ ਮੁਫਤ ਜਾਂ ਘੱਟ-ਲਾਗਤ ਵਾਲੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਇਸ ਮਨਜ਼ੂਰੀ ਅਵਸਰ ਦੇ ਉਦੇਸ਼ਾਂ ਲਈ, ਇੱਕ ਛੋਟੇ ਵਪਾਰ ਦੇ ਤਕਨੀਕੀ ਸਹਾਇਤਾ ਕੇਂਦਰ ਦਾ 2021-22 SB TAEP ਨੈਟਵਰਕ ਦਾ ਹਿੱਸਾ ਹੋਣਾ ਲਾਜ਼ਮੀ ਹੈ।

C. "**ਗੈਰ-ਮੁਨਾਫੇ**" ਵਿੱਚ ਇੱਕ ਸਥਾਪਿਤ ਵਪਾਰ ਸ਼ਾਮਲ ਹੈ ਜਿਸ ਨੇ 501c(3), 501c(4), 501c(6), ਜਾਂ 501c(19) ਗੈਰ-ਮੁਨਾਫੇ ਵਜੋਂ ਰਜਿਸਟਰ ਕੀਤਾ ਹੈ ਜਾਂ ਰਜਿਸਟਰ ਕਰਨ ਦਾ ਇਰਾਦਾ ਰੱਖਦਾ ਹੈ ਜੋ ਇਹ ਪ੍ਰਮਾਣਿਤ ਕਰਦਾ ਹੈ ਕਿ ਇਹ ਇੱਕ ਮਿਸ਼ਨ-ਸੰਚਾਲਿਤ ਸਮਾਜਿਕ ਉੱਦਮ ਹੈ।

D. "**ਡ੍ਰੀਮ ਫੰਡ ਮਨਜ਼ੂਰੀ**" ਦਾ ਮਤਲਬ ਛੋਟੇ ਵਪਾਰਕ ਸੰਸਥਾਪਕਾਂ ਨੂੰ ਪਾੱਤਰ ਕਰਨ ਲਈ ਚੁਣੇ ਗਏ ਤੀਜੇ-ਪੱਖ ਦੇ ਪ੍ਰਬੰਧਕ (ਜਿਵੇਂ ਕਿ, ਠੇਕੇਦਾਰ) ਦੇ ਜਰੀਏ ਵੰਡੇ ਗਏ $10,000 ਤਕ ਦੀ ਇੱਕ ਸੀਡ ਫੰਡ ਮਨਜ਼ੂਰੀ ਹੈ।

E. "**ਘੱਟ ਸੇਵਾ ਵਾਲੇ ਛੋਟੇ ਵਪਾਰਕ ਸਮੂਹ**" ਦਾ ਮਤਲਬ ਔਰਤਾਂ, ਅਲਪ-ਸੰਖਿਅਕਾਂ (ਵੱਖਰੇ ਰੰਗ ਵਾਲੇ ਲੋਕ), ਅਨੁਭਵੀ ਵਿਅਕਤੀਆਂ, ਦਸਤਾਵੇਜੀਕਰਨ ਤੋਂ ਬਿਨਾਂ ਵਾਲੇ ਵਿਅਕਤੀਆਂ, ਸੀਮਿਤ ਅੰਗਰੇਜੀ ਮੁਹਾਰਤ ਵਾਲੇ ਵਿਅਕਤੀਆਂ, ਅਤੇ ਘੱਟ-ਪੂੰਜੀ, ਬਿਪਤਾ ਨਾਲ ਪ੍ਰਭਾਵਿਤ ਹੋਏ ਅਤੇ ਪੇਂਡੂ ਸਮੁਦਾਇਆਂ ਵਿੱਚ ਸਥਿਤ ਵਪਾਰਕ ਮਾਲਕਾਂ ਦੁਆਰਾ ਚਲਾਏ ਜਾਣ ਵਾਲੇ ਵਪਾਰਾਂ ਤੋਂ ਹੈ। ਜਿਆਦਾਤਰ (ਘੱਟੋ-ਘੱਟ 51%) ਵਪਾਰਾਂ ਨੂੰ ਕਥਿਤ ਸਮੂਹ(ਹਾਂ) ਵਿਚਲੇ ਵਿਅਕਤੀ(ਆਂ) ਦੁਆਰਾ ਇੱਕ ਦੈਨਿਕ ਅਧਾਰ ਤੇ ਮਲਕੀਅਤੀ ਕੀਤੀ ਜਾਣੀ ਅਤੇ ਚਲਾਇਆ ਜਾਣਾ ਲਾਜ਼ਮੀ ਹੈ।

F. "**ਵੱਖਰੇ ਰੰਗ ਦੇ ਛੋਟੇ ਵਪਾਰ ਵਾਲੇ ਅਲਪ-ਸੰਖਿਅਕ/ਵਿਅਕਤੀ**" ਤੋਂ ਮਤਲਬ ਹੇਠਾਂ ਦਿੱਤੇ ਜਾਤ ਜਾਂ ਨੈਤਿਕ ਸਮੂਹ ਹਨ: ਅਫਰੀਕੀ ਅਮਰੀਕੀ/ਕਾਲੇ, ਏਸ਼ਿਆਈ, ਮੂਲ ਅਮਰੀਕੀ ਜਾਂ ਅਲਾਸਕਾ ਦੇ ਮੂਲ ਨਿਵਾਸੀ, ਜਾਂ ਮੂਲ ਹਵਾਈ ਨਿਵਾਸੀ ਜਾਂ ਪ੍ਰਸ਼ਾਂਤ ਟਾਪੂ ਦੇ ਵਾਸੀ; ਜਾਂ ਲੈਟਿਨਐਕਸ/ਹਿਸਪੈਨਿਕ।

G. "**ਅਨੁਭਵੀ ਵਿਅਕਤੀ**" ਦਾ ਮਤਲਬ ਉਹ ਵਿਅਕਤੀ ਹੈ ਜਿਸ ਨੇ ਕਿਸੇ ਵੀ ਸਮੇਂ ਲਈ ਫੌਜ, ਹਵਾਈ ਸੇਨਾ, ਜਲ ਸੇਨਾ, ਮਰੀਨ ਕੋਰਪਸ, ਜਾਂ ਕੋਸਟ ਗਾਰਡ ਦੇ ਨਾਲ ਸਰਗਰਮ ਡਿਊਟੀ ਤੇ ਸੇਵਾ ਪ੍ਰਦਾਨ ਕੀਤੀ ਹੈ ਅਤੇ ਅਪਮਾਨਜਨਕ ਡਿਸਚਾਰਜ ਪ੍ਰਾਪਤ ਨਹੀਂ ਕੀਤਾ ਜਾਂ ਰਾਸ਼ਟਰੀ ਗਾਰਡ ਦੇ ਮੈਂਬਰ ਦੇ ਰਿਜ਼ਰਵਿਸਟ ਦੇ ਤੌਰ ਤੇ ਸੇਵਾ ਕੀਤੀ ਅਤੇ ਸੰਘੀ ਗਤੀਵਿਧੀ ਕਰਤੱਵ ਲਈ ਬੁਲਾਇਆ ਗਿਆ ਸੀ ਜਾਂ ਕਿਸੇ ਬਿਮਾਰੀ ਜਾਂ ਸੱਟ ਤੋਂ ਅਪਾਹਜ ਹੋ ਗਿਆ ਸੀ ਜੋ ਡਿਊਟੀ ਦੇ ਵਿੱਚ ਜਾਂ ਸਿਖਲਾਈ ਸਥਿਤੀ ਵਿੱਚ ਹੋਣ ਵੇਲੇ ਸ਼ੁਰੂ ਹੋਈ ਜਾਂ ਬਦਤਰ ਹੋ ਗਈ।

H. "**ਅਨੁਭਵੀ ਵਿਅਕਤੀ ਦੀ ਮਲਕੀਅਤ ਵਾਲਾ ਛੋਟਾ ਵਪਾਰ**" ਦਾ ਮਤਲਬ ਇੱਕ ਛੋਟਾ ਵਪਾਰ ਹੈ ਜਿਸ ਦੀ ਹੇਠਾਂ ਦਿੱਤੇ ਕਿਸੇ ਇੱਕ ਜਾਂ ਜਿਆਦਾ ਸਮੂਹਾਂ ਵਿਚਲੇ ਵਿਅਕਤੀ ਜਾਂ ਵਿਅਕਤੀਆਂ ਦੁਆਰਾ ਮਲਕੀਅਤੀ ਹੈ ਅਤੇ ਇਸ ਨੂੰ ਨਿਯੰਤ੍ਰਿਤ ਕੀਤਾ ਜਾਂਦਾ ਹੈ: ਅਨੁਭਵੀ ਵਿਅਕਤੀ (ਅਪਮਾਨਜਨਕ ਤੌਰ ਤੇ ਡਿਸਚਾਰਜ ਕੀਤੇ ਜਾਣ ਤੋਂ ਇਲਾਵਾ); ਸੇਵਾ ਵਿੱਚ ਅਯੋਗ ਅਨੁਭਵੀ ਵਿਅਕਤੀ; ਸੇਨਾ ਦੇ ਟ੍ਰਾਂਜਿਸ਼ਨ ਅਸਿਸਟੈਂਸ ਪ੍ਰੋਗਰਾਮ (TAP) ਵਿੱਚ ਭਾਗ ਲੈਣ ਵਾਲਾ ਸਕ੍ਰਿਅ ਡਿਊਟੀ ਸੇਨਾ ਸੇਵਾ ਮੈਂਬਰ; ਰਿਜ਼ਰਵਿਸਟ ਅਤੇ ਰਾਸ਼ਟਰੀ ਗਾਰਡ ਮੈਂਬਰ; ਜਾਂ ਇੱਕ ਸੇਵਾ ਵਾਲੇ ਮੈਂਬਰ ਦਾ/ਦੀ ਪਤੀ/ਪਤਨੀ ਜੋ ਸੇਵਾ ਕਰਨ ਵੇਲੇ ਮਰ ਗਿਆ/ਗਈ ਜਾਂ ਜਿਸ ਨੂੰ ਸੇਵਾ ਨਾਲ ਜੁੜੀ ਅਪਾਹਜਤਾ ਹੈ।

I. "**ਘੱਟ ਪੈਸੇ ਵਾਲੇ ਖੇਤਰ**" ਦਾ ਮਤਲਬ ਲਾਗੂ ਅਰਜੀ ਦੀ ਅਵਧੀ ਦੇ ਪਹਿਲੇ ਦਿਨ ਤੋਂ ਤੀਹ ਦਿਨ ਪਹਿਲਾਂ ਅਮਰੀਕੀ ਜਨਗਣਨਾ ਬਿਊਰੋ ਦੇ ਅਮਰੀਕੀ ਸਮੁਦਾਏ ਸਰਵੇਖਣ ਦੇ 5-ਸਾਲ ਦੇ ਅਨੁਮਾਨ ਤੋਂ ਉਪਲਬਧ ਸਭ ਤੋਂ ਹਾਲ ਹੀ ਵਿੱਚ ਅਪਡੇਟ ਕੀਤੇ ਡੇਟਾ ਦੇ ਮੁਤਾਬਕ ਕੈਲੀਫੋਰਨੀਆ ਦੀ ਰਾਜ-ਵਿਆਪੀ ਗਰੀਬੀ ਦਰ ਦੇ ਘੱਟੋ-ਘੱਟ 150% ਦੀ ਗਰੀਬੀ ਦਰ ਦੇ ਨਾਲ ਕੈਲੀਫੋਰਨੀਆ ਦੇ ਅੰਦਰ ਕੋਈ ਸ਼ਹਿਰ ਅਤੇ/ਜਾਂ ਦੇਸ਼ ਹੈ।

J. "**ਪੇਂਡੂ ਸਮੁਦਾਏ**" ਦਾ ਮਤਲਬ ਸਾਰੇ ਖੇਤਰ, ਅਬਾਦੀ, ਅਤੇ ਆਵਾਸ ਇਕਾਈਆਂ ਹਨ ਜੋ ਸ਼ਹਿਰੀ ਖੇਤਰਾਂ (50,000 ਜਾਂ ਜਿਆਦਾ ਲੋਕ) ਅਤੇ ਸ਼ਹਿਰੀ ਸਮੂਹਾਂ (ਘੱਟੋ-ਘੱਟ 2,500 ਅਤੇ 50,000 ਨਾਲੋਂ ਘੱਟ ਲੋਕ) ਦੇ ਬਾਹਰ ਸਥਿਤ ਹੁੰਦੇ ਹਨ। ਸ਼ਹਿਰੀ ਖੇਤਰਾਂ ਅਤੇ ਸਮੂਹਾਂ ਨੂੰ ਲਾਗੂ ਅਰਜੀ ਦੀ ਅਵਧੀ ਦੇ ਪਹਿਲੇ ਦਿਨ ਤੋਂ ਤੀਹ ਦਿਨ ਪਹਿਲਾਂ ਅਮਰੀਕੀ ਜਨਗਣਨਾ ਬਿਊਰੋ ਦੇ ਅਮਰੀਕੀ ਸਮੁਦਾਏ ਸਰਵੇਖਣ ਦੇ 5-ਸਾਲ ਦੇ ਅਨੁਮਾਨ ਤੋਂ ਉਪਲਬਧ ਸਭ ਤੋਂ ਹਾਲ ਹੀ ਵਿੱਚ ਅਪਡੇਟ ਕੀਤੇ ਡੇਟਾ ਦੇ ਮੁਤਾਬਕ ਅਬਾਦੀ ਦੀ ਘਣਤਾ ਅਤੇ ਉਪਲਬਧ ਅਕਾਰ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ।

K. "**ਬਿਪਤਾ ਨਾਲ ਪ੍ਰਭਾਵਿਤ**" ਦਾ ਮਤਲਬ ਰਾਜ ਜਾਂ ਸੰਘੀ ਅਪਾਤਕਾਲੀਨ ਘੋਸ਼ਣਾ ਜਾਂ ਉਦਘੋਸ਼ਣਾ ਵਿੱਚ ਸ਼ਾਮਲ ਸਾਰੇ ਖੇਤਰ ਹਨ।

L. "**ਨਵੇਂ ਵਪਾਰ ਦੀ ਸ਼ੁਰੂਆਤ**" ਦਾ ਮਤਲਬ SB TAEP ਕੇਂਦਰ ਵਿਖੇ ਮੂਲ ਸਲਾਹਕਾਰੀ ਤੋਂ ਬਾਅਦ ਸਥਾਪਿਤ ਇੱਕ ਨਵੀਂ ਵਪਾਰਕ ਇਕਾਈ ਹੈ। ਇਸ ਨੂੰ ਹੇਠਾਂ ਦਿੱਤੀਆਂ ਪੁਸ਼ਟੀਕ੍ਰਿਤ ਸ਼ਰਤਾਂ ਦੁਆਰਾ ਸਥਾਪਿਤ ਕੀਤਾ ਜਾਂਦਾ ਹੈ:

- ਗਾਹਕ ਨੇ ਡ੍ਰੀਮ ਫੰਡ ਭਾਗੀਦਾਰ ਸਿਖਲਾਈ ਪ੍ਰੋਗਰਾਮ ਨੂੰ ਪੂਰਾ ਕੀਤਾ;
- ਗਾਹਕ SB TAEP ਕੇਂਦਰ ਤੋਂ ਮਦਦ ਦੇ ਨਾਲ ਉਨ੍ਹਾਂ ਦੇ ਵਪਾਰ ਦਾ ਸੰਚਾਲਨ ਕਰਨ ਲਈ ਜ਼ਰੂਰੀ ਲਾਇਸੰਸ ਅਤੇ ਪਰਮਿਟ ਹਾਸਲ ਕਰਦਾ ਹੈ;
- ਗਾਹਕ ਨੇ ਉਨ੍ਹਾਂ ਦੇ ਵਪਾਰ ਤੋਂ ਇੱਕ ਭੌਤਿਕ ਸਥਾਨ ਨੂੰ ਸਥਾਪਿਤ ਕੀਤਾ ਹੈ; ਅਤੇ
- ਹੇਠਾਂ ਦਿੱਤੀਆਂ ਯੋਗ ਘਟਨਾਵਾਂ ਵਿੱਚੋਂ ਘੱਟੋ-ਘੱਟ ਇੱਕ:
  - ਗਾਹਕ ਨੇ ਪਹਿਲੀ ਵਿਕਰੀ ਕੀਤੀ ਹੈ
  - ਗਾਹਕ ਨੇ ਘੱਟੋ-ਘੱਟ 1 ਮੁਲਾਜ਼ਮ ਨੂੰ ਨੌਕਰੀ ਤੇ ਰੱਖਿਆ
  - ਗਾਹਕ ਨੇ ਇੱਕ ਵਪਾਰਕ ਬੈਂਕਿੰਗ ਰਿਸ਼ਤੇ ਦਾ ਨਿਰਮਾਣ ਕੀਤਾ
  - ਗਾਹਕ ਨੇ ਵਪਾਰਕ ਖਰਚਿਆਂ ਤੇ ਪੈਸੇ ਖਰਚ ਕੀਤੇ ਹਨ (ਇਸ ਵਿੱਚ ਕਾਨੂੰਨੀ ਅਤੇ ਲੇਖਾ-ਪਰੀਖਿਆ ਦੀਆਂ ਫੀਸਾਂ ਸ਼ਾਮਲ ਹੋ ਸਕਦੀਆਂ ਹਨ); ਅਤੇ/ਜਾਂ
  - ਗਾਹਕ ਨੇ ਵਪਾਰ ਲਈ ਤੀਜੇ-ਪੱਖ ਦੀ ਜਾਂ ਮਾਲਕ ਦੀ ਪੂੰਜੀ ਨੂੰ ਹਾਸਲ ਕੀਤਾ।

## $5,000 ਦੀਆਂ ਮਨਜ਼ੂਰੀਆਂ ਲਈ ਵਪਾਰ ਦੀ ਕਿਸਮ[1]

1. ਈ-ਕੋਮਰਸ / ਬਜਾਰ

2. ਛੋਟੀ ਲੈਬ / ਨਿਰਮਾਤਾ ਦਾ ਸਥਾਨ

3. ਇੱਟ ਅਤੇ ਪੱਥਰ (ਉਪ-ਠੇਕੇ ਦੇ ਤਹਿਤ ਸੰਚਾਲਨ ਕਰਨਾ, ਨਾ ਕਿ ਪ੍ਰਮੁੱਖ ਕਾਬਜ਼, ਮਿਲ ਕੇ ਕੰਮ ਕਰਨ ਦੀ ਥਾਂ, ਆਦਿ)

4. ਨੌਕਰੀ / ਪੇਸ਼ਾ / ਕਾਟੇਜ ਉਦਯੋਗ
   - ਉਦਾਹਰਣਾਂ ਵਿੱਚ ਇਹ ਸ਼ਾਮਲ ਹਨ ਪਰ ਇੱਥੋਂ ਤਕ ਸੀਮਿਤ ਨਹੀਂ ਹਨ:
     a. ਕਾਟੇਜ ਭੋਜਨ
     b. ਸਲਾਹਕਾਰੀ

5. ਉਸਾਰੀ ਦਾ ਵਪਾਰ (ਬਿਨਾਂ-ਲਾਇਸੰਸ ਗੈਰ-ਆਮ ਠੇਕੇਦਾਰ ਅਤੇ ਲਾਇਸੰਸ ਤੋਂ ਬਿਨਾਂ ਹੋਰ ਉਪ-ਠੇਕੇਦਾਰ)
   - ਉਦਾਹਰਣਾਂ ਵਿੱਚ ਇਹ ਸ਼ਾਮਲ ਹਨ ਪਰ ਇੱਥੋਂ ਤਕ ਸੀਮਿਤ ਨਹੀਂ ਹਨ:
     a. ਸਹਾਇਕ;
     b. ਟਾਈਲ ਲਗਾਉਣਾ;
     c. ਘੇਰਾਬੰਦੀ;
     d. ਢੋਣਾ; ਅਤੇ
     e. ਘੱਟ-ਵੋਲਟੇਜ ਦੀ ਤਾਰ।

6. ਆਵਾਜਾਈ
   - ਉਦਾਹਰਣਾਂ ਵਿੱਚ ਇਹ ਸ਼ਾਮਲ ਹਨ ਪਰ ਇੱਥੋਂ ਤਕ ਸੀਮਿਤ ਨਹੀਂ ਹਨ:
     a. ਸੈਮੀ-ਟਰੱਕ;
     b. ਖਿੱਚਣ ਵਾਲਾ ਟਰੱਕ;
     c. ਫ੍ਰੇਟ ਸਾਈਟ ਡਿਸਪੈਚਿੰਗ;
     d. ਦਲਾਲ; ਅਤੇ
     e. ਡ੍ਰਾਈਵਰ।

   ਊਬਰ ਅਤੇ ਲੀਫਟ ਵਾਂਗ ਦੇ ਗਿਗ ਕਰਮਚਾਰੀ ਕੈਲੀਫੋਰਨੀਆ ਡ੍ਰੀਮ ਫੰਡ ਲਈ ਪਾੱਤਰ ਨਹੀਂ ਹਨ।

7. ਬਾਲ ਦੇਖਭਾਲ- ਘਰ ਵਿੱਚ
   - ਘਰ ਵਿਖੇ ਬਾਲ-ਦੇਖਭਾਲ ਸੁਵਿਧਾ ਨੂੰ ਖੋਲ੍ਹਣਾ ਲਾਜ਼ਮੀ ਹੈ
   - **ਮਹੱਤਵਪੂਰਨ ਨੋਟ:** ਇਸ ਵਪਾਰਕ ਕਿਸਮ ਲਈ ਪਾੱਤਰ ਬਿਨੈਕਾਰਾਂ ਨੂੰ ਕੈਲੀਫੋਰਨੀਆ ਰਾਜ ਤੋਂ ਇੱਕ ਬਾਲ ਦੇਖਭਾਲ ਲਾਇਸੰਸ ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ।

[1] ਇਹ ਪ੍ਰੋਗਰਾਮ ਵਪਾਰ ਦੀ ਕਿਸਮ ਨੂੰ ਪ੍ਰਮਾਣਿਤ ਕਰਨ ਲਈ ਛੋਟੇ ਵਪਾਰ ਦੇ NAICS ਕੋਡ (ਛੋਟੇ ਵਪਾਰ ਦੀ ਸਭ ਤੋਂ ਹਾਲ ਹੀ ਦੀ ਟੈਕਸ ਰਿਟਰਨ ਤੇ ਰਿਪੋਰਟ ਕੀਤੇ ਜਾਣ ਵਜੋਂ ਜੇ ਉਪਲਬਧ ਹੈ, ਜਾਂ SB TAEP ਵਲੋਂ ਪਾੱਤਰਤਾ ਲਈ ਛੋਟੇ ਵਪਾਰ ਦੀ ਤਸਦੀਕ) ਤੇ ਨਿਰਭਰ ਕਰੇਗਾ। ਮਨਜ਼ੂਰੀ ਪੁਰਸਕਾਰਾਂ ਨੂੰ CalOSBA ਦੀ ਸੂਝ ਤੇ ਸੋਧਿਆ ਜਾ ਸਕਦਾ ਹੈ।

# ਪਾੱਤਰ ਮਨਜ਼ੂਰੀ ਪੁਰਸਕਾਰ

CALIFORNIA DREAM FUND

**$10,000 ਮਨਜ਼ੂਰੀਆਂ ਲਈ ਵਪਾਰ ਦੀ ਕਿਸਮ[1]**

1. ਇੱਟ ਅਤੇ ਪੱਥਰ (ਇੱਕ ਸਟੋਰਫਰੰਟ, ਵਪਾਰਕ ਸਥਾਨ, ਆਦਿ ਦਾ ਸੰਚਾਲਨ ਕਰਨਾ ਲਾਜ਼ਮੀ ਹੈ)
   - **ਮਹੱਤਵਪੂਰਨ ਨੋਟ:** ਇਸ ਵਪਾਰਕ ਕਿਸਮ ਲਈ ਪਾੱਤਰ ਬਿਨੈਕਾਰਾਂ ਨੂੰ ਇੱਕ ਪੂਰੀ ਤਰ੍ਹਾਂ ਲਾਗੂ ਕੀਤੀ ਮਾਸਟਰ ਲੀਜ਼, ਸਬ-ਲੀਜ਼ ਜਿਸ ਲਈ ਵਪਾਰ ਪ੍ਰਮੁੱਖ ਕਾਬਜ਼ ਹੈ, ਜਾਂ ਇੱਕ ਵਪਾਰਕ ਸਥਾਨ ਤੇ ਇਰਾਦੇ ਦੇ ਪੱਤਰ ਨੂੰ ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ।

2. ਗ੍ਰੀਨ ਟੈਕਨੋਲੋਜੀ / ਇੰਫ੍ਰਾਸਟ੍ਰਕਚਰ
   - ਇਸ ਵਪਾਰ ਦੀ ਕਿਸਮ ਲਈ ਪਾੱਤਰ ਬਿਨੈਕਾਰਾਂ ਦਾ ਇੱਕ ਮਾਪਣਯੋਗ ਤਕਨੀਕ-ਅਧਾਰਤ ਕੰਪਨੀ ਦਾ ਨਿਰਮਾਣ ਕਰਨਾ ਲਾਜ਼ਮੀ ਹੈ ਜਿੱਥੇ ਪੈਸਿਆਂ ਦਾ ਆਈਪੀ, ਪ੍ਰੋਟੋਟਾਈਪ ਵਿਕਾਸ ਲਈ, ਜਾਂ ਖੋਜ ਅਤੇ ਵਿਕਾਸ ਦੇ ਜਰੀਏ ਪਹਿਲੇ ਦੇ ਪ੍ਰਮਾਣ ਦਾ ਨਿਰਮਾਣ ਕਰਨ ਲਈ ਉਪਯੋਗ ਕੀਤਾ ਜਾਵੇਗਾ।
   - ਉਦਾਹਰਣਾਂ ਵਿੱਚ ਇਹ ਸ਼ਾਮਲ ਹਨ ਪਰ ਇੱਥੋਂ ਤਕ ਸੀਮਿਤ ਨਹੀਂ ਹਨ:
     a. ਨਵਿਆਉਣਯੋਗ ਊਰਜਾ;
     b. ਸੌਰ ਊਰਜਾ; ਅਤੇ
     c. ਜ਼ਿਫਰ ਇਮਿਸ਼ਨ ਵਾਹਨ।

3. ਨਿਰਮਾਣ
   - **ਮਹੱਤਵਪੂਰਨ ਨੋਟ:** ਇਸ ਵਪਾਰਕ ਕਿਸਮ ਲਈ ਪਾੱਤਰ ਬਿਨੈਕਾਰਾਂ ਨੂੰ ਇੱਕ ਵਪਾਰਕ ਸਥਾਨ ਤੇ ਇੱਕ ਪੂਰੀ ਤਰ੍ਹਾਂ ਲਾਗੂ ਕੀਤੀ ਮਾਸਟਰ ਲੀਜ਼ ਨੂੰ ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ।

4. ਪੇਸ਼ੇਵਰ (ਗੈਰ-ਸਲਾਹਕਾਰੀ) / ਵਿਗਿਆਨਕ / ਤਕਨੀਕੀ
   - ਇਸ ਵਪਾਰ ਦੀ ਕਿਸਮ ਲਈ ਪਾੱਤਰ ਬਿਨੈਕਾਰਾਂ ਦਾ ਇੱਕ ਮਾਪਣਯੋਗ ਤਕਨੀਕੀ ਕੰਪਨੀ ਦਾ ਨਿਰਮਾਣ ਕਰਨਾ ਲਾਜ਼ਮੀ ਹੈ ਜਿੱਥੇ ਪੈਸਿਆਂ ਦਾ ਆਈਪੀ, ਪ੍ਰੋਟੋਟਾਈਪ ਵਿਕਾਸ ਲਈ, ਜਾਂ ਖੋਜ ਅਤੇ ਵਿਕਾਸ ਦੇ ਜਰੀਏ ਪਹਿਲੇ ਦੇ ਪ੍ਰਮਾਣ ਦਾ ਨਿਰਮਾਣ ਕਰਨ ਲਈ ਉਪਯੋਗ ਕੀਤਾ ਜਾਵੇਗਾ।

5. ਉਸਾਰੀ ਦੇ ਵਪਾਰ (ਆਮ ਠੇਕੇਦਾਰ, ਪ੍ਰਮੁੱਖ ਉਪ-ਠੇਕੇਦਾਰ, ਜਾਂ ਇੱਕ ਵੈਧ ਲਾਗੂ ਲਾਇਸੰਸ ਦੇ ਤਹਿਤ ਸੰਚਾਲਨ ਕਰਨ ਵਾਲਾ ਹੋਰ ਉਸਾਰੀ ਦਾ ਵਪਾਰ)
   - **ਮਹੱਤਵਪੂਰਨ ਨੋਟ:** ਆਮ ਠੇਕੇਦਾਰਾਂ ਕੋਲ ਇੱਕ ਆਮ ਠੇਕੇਦਾਰ ਦਾ ਲਾਇਸੰਸ ਹੋਣਾ ਲਾਜ਼ਮੀ ਹੈ।
   - ਉਦਾਹਰਣਾਂ ਵਿੱਚ ਇਹ ਸ਼ਾਮਲ ਹਨ ਪਰ ਇੱਥੋਂ ਤਕ ਸੀਮਿਤ ਨਹੀਂ ਹਨ:
     a. ਪਲੰਬਰ;
     b. ਇਲੈਕਟ੍ਰੀਸ਼ਿਅਨ; ਅਤੇ
     c. ਗਲੇਜ਼ਿੰਗ।

[1] ਇਹ ਪ੍ਰੋਗਰਾਮ ਵਪਾਰ ਦੀ ਕਿਸਮ ਨੂੰ ਪ੍ਰਮਾਣਿਤ ਕਰਨ ਲਈ ਛੋਟੇ ਵਪਾਰ ਦੇ NAICS ਕੋਡ (ਛੋਟੇ ਵਪਾਰ ਦੀ ਸਭ ਤੋਂ ਹਾਲ ਹੀ ਦੀ ਟੈਕਸ ਰਿਟਰਨ ਤੇ ਰਿਪੋਰਟ ਕੀਤੇ ਜਾਣ ਵਜੋਂ ਜੇ ਉਪਲਬਧ ਹੈ, ਜਾਂ SB TAEP ਵਲੋਂ ਪਾੱਤਰਤਾ ਲਈ ਛੋਟੇ ਵਪਾਰ ਦੀ ਤਸਦੀਕ) ਤੇ ਨਿਰਭਰ ਕਰੇਗਾ। ਮਨਜ਼ੂਰੀ ਪੁਰਸਕਾਰਾਂ ਨੂੰ CalOSBA ਦੀ ਸੂਝ ਤੇ ਸੋਧਿਆ ਜਾ ਸਕਦਾ ਹੈ।

## $10,000 ਮਨਜ਼ੂਰੀਆਂ ਲਈ ਵਪਾਰ ਦੀ ਕਿਸਮ[1]

6. ਖੇਤੀਬਾੜੀ / ਜੰਗਲੀ-ਜੀਵਨ ਮਿਟੀਗੇਸ਼ਨ / ਜੰਗਲਾਤ
    - ਖਰੀਦ ਅਤੇ ਇਕਰਾਰਨਾਮਾ (ਜਿਵੇਂ ਕਿ, ਕਚਰੇ ਦੀ ਸਫਾਈ, ਫ੍ਰੀਵੇ ਦੀ ਸਫਾਈ, ਆਦਿ)
        - **ਮਹੱਤਵਪੂਰਨ ਨੋਟ:** ਇਸ ਵਪਾਰ ਦੀ ਕਿਸਮ ਲਈ ਪਾੱਤਰ ਬਿਨੈਕਾਰਾਂ ਨੂੰ ਇੱਕ ਉਚਿਤ ਸੰਸਥਾ (ਜਿਵੇਂ ਕਿ, ਅਮਰੀਕੀ ਜੰਗਲਾਤ ਸੇਵਾ, CalOES, USDA, ਆਦਿ) ਤੋਂ ਇੱਕ ਰਾਜ ਜਾਂ ਸੰਘੀ ਪ੍ਰਮਾਣ-ਪੱਤਰ ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ।
    - ਖੇਤੀ

7. ਬਾਲ ਦੇਖਭਾਲ – ਵਪਾਰਕ ਸਥਾਨ
    - ਇੱਕ ਵਪਾਰਕ ਸਥਾਨ (ਨਾ ਕਿ ਘਰ ਵਿਖੇ) ਵਾਲੇ ਬਾਲ ਦੇਖਭਾਲ ਸੁਵਿਧਾ ਕੇਂਦਰ ਨੂੰ ਖੋਲ੍ਹਣਾ ਲਾਜ਼ਮੀ ਹੈ
    - **ਮਹੱਤਵਪੂਰਨ ਨੋਟ:** ਇਸ ਵਪਾਰਕ ਕਿਸਮ ਲਈ ਪਾੱਤਰ ਬਿਨੈਕਾਰਾਂ ਨੂੰ ਕੈਲੀਫੋਰਨੀਆ ਰਾਜ ਤੋਂ ਇੱਕ ਬਾਲ ਦੇਖਭਾਲ ਲਾਇਸੰਸ ਜਮ੍ਹਾਂ ਕਰਨ ਦੀ ਲੋੜ ਹੁੰਦੀ ਹੈ।

[1] ਇਹ ਪ੍ਰੋਗਰਾਮ ਵਪਾਰ ਦੀ ਕਿਸਮ ਨੂੰ ਪ੍ਰਮਾਣਿਤ ਕਰਨ ਲਈ ਛੋਟੇ ਵਪਾਰ ਦੇ NAICS ਕੋਡ (ਛੋਟੇ ਵਪਾਰ ਦੀ ਸਭ ਤੋਂ ਹਾਲ ਹੀ ਦੀ ਟੈਕਸ ਰਿਟਰਨ ਤੇ ਰਿਪੋਰਟ ਕੀਤੇ ਜਾਣ ਵਜੋਂ ਜੇ ਉਪਲਬਧ ਹੈ, ਜਾਂ SB TAEP ਵਲੋਂ ਪਾੱਤਰਤਾ ਲਈ ਛੋਟੇ ਵਪਾਰ ਦੀ ਤਸਦੀਕ) ਤੇ ਨਿਰਭਰ ਕਰੇਗਾ। ਮਨਜ਼ੂਰੀ ਪੁਰਸਕਾਰਾਂ ਨੂੰ CalOSBA ਦੀ ਸੂਝ ਤੇ ਸੋਧਿਆ ਜਾ ਸਕਦਾ ਹੈ।

# ਪੈਸਿਆਂ ਦੇ ਪਾੱਤਰ ਉਪਯੋਗ

**ਮਨਜ਼ੂਰੀ ਦੇਣ ਵਾਲੇ: ਪਾੱਤਰ ਛੋਟਾ ਵਪਾਰ**
ਇੱਕ ਵਪਾਰਕ ਮਾਲਕ ਜੋ ਕਾਨੂੰਨ ਦੇ ਮੁਤਾਬਕ ਇੱਕ ਮਨਜ਼ੂਰੀ ਪ੍ਰਾਪਤ ਕਰਨ ਵਾਲਾ ਹੈ, ਉਸ ਨੂੰ ਸਵੈ-ਤਸਦੀਕ ਕਰਨ ਦੀ ਲੋੜ ਹੁੰਦੀ ਹੈ ਕਿ ਮਨਜ਼ੂਰੀ ਦੇ ਪੈਸਿਆਂ ਦਾ ਹੇਠਾਂ ਦਿੱਤੇ ਇੱਕ ਜਾਂ ਜਿਆਦਾ ਪਾੱਤਰ ਉਪਯੋਗਾਂ ਲਈ ਉਪਯੋਗ ਕੀਤਾ ਜਾਵੇਗਾ:

1. ਪੇਰੋਲ ਲਾਗਤਾਂ, ਸਿਹਤ ਦੇਖਭਾਲ ਫਾਇਦਿਆਂ, ਭੁਗਤਾਨ ਵਾਲੀ ਬਿਮਾਰੀ, ਡਾਕਟਰੀ, ਜਾਂ ਪਰਿਵਾਰਕ ਛੁੱਟੀ, ਅਤੇ ਬੀਮੇ ਦੇ ਪ੍ਰੀਮਿਅਮਾਂ ਸਮੇਤ ਮੁਲਾਜ਼ਮ ਦੇ ਖਰਚੇ;

2. ਸਾਰੇ ਜ਼ਰੂਰੀ ਪਰਮਿਟਾਂ ਅਤੇ ਲਾਇਸੰਸਾਂ ਸਮੇਤ ਕੈਲੀਫੋਰਨੀਆ ਰਾਜ ਦੇ ਨਾਲ ਵਪਾਰ ਨੂੰ ਪ੍ਰਮਾਣਿਤ ਅਤੇ ਸਥਾਪਿਤ ਕਰਨ ਦੇ ਨਾਲ ਜੁੜੀਆਂ ਲਾਗਤਾਂ;

3. 1 ਜੁਲਾਈ, 2019 ਤੋਂ ਬਾਅਦ ਕੀਤੇ ਗਏ (ਜਿਵੇਂ ਕਿ, ਇੱਕ ਪਾੱਤਰ ਰਿਣ ਦੇਣਦਾਰੀ ਬਣਨ ਲਈ, ਲਾਗੂ ਹੋਣ ਵਜੋਂ, ਲੋਨ ਇਕਰਾਰਨਾਮੇ, ਵਚਨ ਪੱਤਰ, ਆਦਿ ਨੂੰ 1 ਜੁਲਾਈ, 2019 ਤੋਂ ਬਾਅਦ ਦਰਜ ਕੀਤਾ ਗਿਆ ਹੋਣਾ ਲਾਜ਼ਮੀ ਹੈ) ਕਿਰਾਏ, ਉਪਯੋਗਿਤਾਵਾਂ, ਗਿਰਵੀ ਦੇ ਮੂਲ ਅਤੇ ਵਿਆਜ਼ ਦੇ ਭੁਗਤਾਨਾਂ (ਗਿਰਵੀ ਦੇ ਪੂਰਵ-ਭੁਗਤਾਨਾਂ ਨੂੰ ਛੱਡ ਕੇ), ਅਤੇ ਰਿਣ ਦੀਆਂ ਦੇਣਦਾਰੀਆਂ (ਮੂਲ ਅਤੇ ਵਿਆਜ਼ ਸਮੇਤ) ਸਮੇਤ, ਕੰਮਕਾਜੀ ਪੂੰਜੀ ਅਤੇ ਪੱਕੇ ਖਰਚੇ;

4. ਇੱਕ ਫੁੱਟਪਾਥ ਦੇ ਵਿਕਰੇਤਾ ਦੇ ਤੌਰ ਤੇ ਸੰਚਾਲਨ ਕਰਨ ਲਈ ਇੱਕ ਪਰਮਿਟ ਸਮੇਤ, ਪਰ ਇੱਥੋਂ ਤਕ ਸੀਮਿਤ ਨਾ ਹੁੰਦੇ ਹੋਏ, ਇੱਕ ਸਥਾਨਕ ਪਰਮਿਟ ਲਈ ਅਰਜੀ, ਜਾਂ ਇਸ ਦਾ ਨਵੀਨੀਕਰਨ;

5. ਇੰਵੈਂਟਰੀ ਵਿੱਚ ਨਿਵੇਸ਼; ਜਾਂ

6. ਗੈਰ-ਪਾੱਤਰ ਲਾਗਤਾਂ ਵਿੱਚ ਸ਼ਾਮਲ ਨਾ ਹੋਣ ਵਾਲੇ ਵਪਾਰਕ ਸੰਚਾਲਨਾਂ ਅਤੇ ਵਪਾਰਕ ਗਠਨ ਨਾਲ ਸਬੰਧਤ ਫੀਸਾਂ।

# ਪੈਸਿਆਂ ਦੇ ਗੈਰ-ਪਾੱਤਰ ਉਪਯੋਗ

CALIFORNIA DREAM FUND

ਮਨਜ਼ੂਰੀ ਦੇ ਪੈਸਿਆਂ ਦੇ ਗੈਰ-ਪਾੱਤਰ ਉਪਯੋਗਾਂ ਨੂੰ ਥੱਲੇ ਦਿੱਤਾ ਗਿਆ ਹੈ:

1. ਮੈਡਿਕੇਡ ਦੇ ਰਾਜ ਹਿੱਸੇ ਲਈ ਮਨੁੱਖੀ ਸਰੋਤ ਦੇ ਖਰਚੇ;
2. ਮੁਲਾਜ਼ਮ ਦੇ ਬੋਨਸ ਜਾਂ ਅਲੱਗ ਕਰਨ ਦੀ ਤਨਖਾਹ;
3. ਕਰ;
4. ਕਾਨੂੰਨੀ ਨਿਪਟਾਰੇ;
5. ਨਿੱਜੀ ਖਰਚੇ ਜਾਂ ਵਾਪਰ ਨਾਲ ਸਬੰਧਤ ਨਾ ਹੋਣ ਵਾਲੇ ਹੋਰ ਖਰਚੇ;
6. ਪਹਿਲਾਂ ਤੋਂ ਬੀਮੇ ਦੁਆਰਾ ਕਵਰ ਕੀਤੀਆਂ ਨਸ਼ਟਤਾਵਾਂ ਲਈ ਮੁਰੰਮਤਾਂ ਵਾਸਤੇ ਖਰਚੇ; ਅਤੇ
7. ਦਾਨ ਕੀਤੀਆਂ ਵਸਤੂਆਂ ਜਾਂ ਸੇਵਾਵਾਂ ਵਾਸਤੇ ਦਾਨੀਆਂ ਨੂੰ ਭੁਗਤਾਨ ਵਾਪਸੀ।

# ਲੋੜੀਂਦੇ ਦਸਤਾਵੇਜ਼

CALIFORNIA DREAM FUND

ਅਰਜੀ ਦੀ ਸਮੀਖਿਆ ਕਰਨ ਲਈ ਲੇਂਡਿਸਟ੍ਰੀ ਲਈ, ਬਿਨੈਕਾਰਾਂ ਦਾ ਹੇਠਾਂ ਦਿੱਤੇ ਸਾਰੇ ਲੋੜੀਂਦੇ ਦਸਤਾਵੇਜ਼ ਅਪਲੋਡ ਕਰਨਾ ਲਾਜ਼ਮੀ ਹੈ:

1. ਅਰਜੀ ਪਹੁੰਚ ਕੋਡ
2. ਅਰਜੀ ਦਾ ਪ੍ਰਮਾਣੀਕਰਨ/ਤਸਦੀਕ;
3. ਸਰਕਾਰ ਦੁਆਰਾ ਜਾਰੀ ਕੀਤੀ ਪਛਾਣ;
4. ਵਪਾਰਕ ਸੰਗਠਨ ਦਾ ਪ੍ਰਮਾਣ (ਹੇਠਾਂ ਵਿੱਚੋਂ ਘੱਟੋ-ਘੱਟ ਇੱਕ):
   - ਨਿਗਮਨ ਦੇ ਲੇਖ;
   - ਸੰਗਠਨ ਦੇ ਲੇਖ;
   - ਵਪਾਰਕ ਲਾਇਸੰਸ;
   - ਕਾਲਪਨਿਕ ਵਪਾਰਕ ਨਾਮ;
5. ਪੇਸ਼ੇਵਰ/ਬੋਰਡ/ਵਪਾਰਕ ਲਾਇਸੰਸਰ (ਜਿੱਥੇ ਲਾਗੂ ਹੋਵੇ);
6. 2019 ਅਤੇ/ਜਾਂ 2020 ਸੰਪੂਰਨ ਅਤੇ ਪੂਰੀ ਕੀਤੀ/ਨਾ ਬਦਲੀ ਟੈਕਸ ਰਿਟਰਨ (ਜਿੱਥੇ ਵਪਾਰਾਂ ਦਾ ਉਨ੍ਹਾਂ ਅਵਧੀਆਂ ਵਿੱਚ ਸੰਚਾਲਨ ਕੀਤਾ ਗਿਆ ਸੀ);
7. ਵਪਾਰਕ ਯੋਜਨਾ ਦਾ ਬਿਰਤਾਂਤ;
8. ਨਿਆਂ ਵਿਭਾਗ ਦਾਨੀ ਟ੍ਰਸਟ ਰਜਿਸਟ੍ਰੀ ਦੇ ਨਾਲ ਪੰਜੀਕਰਨ (ਸਿਰਫ ਗੈਰ-ਮੁਨਾਫਾ ਸੰਗਠਨਾਂ ਲਈ ਹੀ); ਅਤੇ
9. ਸਮਾਪਤੀ ਦਾ ਤਕਨੀਕੀ ਸਹਾਇਤਾ ਪ੍ਰਮਾਣ-ਪੱਤਰ।



CALIFORNIA DREAM FUND

# ਅਰਜੀ ਦੇਣ ਲਈ ਸੁਝਾਅ

ਕੈਲੀਫੋਰਨੀਆ ਡ੍ਰੀਮ ਫੰਡ ਦਾ ਕੈਲੀਫੋਰਨੀਆ ਆਫਿਸ ਆਫ ਦਾ ਸਮਾਲ ਬਿਜ਼ਨਸ ਐਡਵੋਕੇਟ (CalOSBA)
ਦੁਆਰਾ ਤਕਨੀਕੀ ਸਹਾਇਤਾ ਵਿਸਤਾਰ ਕਾਰਜਕ੍ਰਮ (TAEP) ਦੇ ਚੁਨਿੰਦਾ ਕੇਂਦਰਾਂ ਦੇ ਜਰੀਏ ਪ੍ਰਬੰਧਨ ਕੀਤਾ ਜਾਂਦਾ ਹੈ।

# ਸੁਝਾਅ #1: ਗੂਗਲ ਕ੍ਰੋਮ ਦਾ ਉਪਯੋਗ ਕਰੋ

CALIFORNIA DREAM FUND

ਸਭ ਤੋਂ ਵਧੀਆ ਵਰਤੋਂਕਾਰ ਅਨੁਭਵ ਲਈ, ਕਿਰਪਾ ਕਰਕੇ ਸਮੁੱਚੀ ਅਰਜ਼ੀ ਪ੍ਰਕਿਰਿਆ ਦੌਰਾਨ Google Chrome ਦੀ ਵਰਤੋਂ ਕਰੋ।

ਹੋ ਸਕਦਾ ਹੈ ਹੋਰ ਵੈੱਬ ਬ੍ਰਾਊਜ਼ਰ ਸਾਡੇ ਇੰਟਰਫੇਸ ਦਾ ਸਮਰਥਨ ਨਾ ਕਰਨ ਅਤੇ ਉਹ ਤੁਹਾਡੀ ਅਰਜ਼ੀ ਵਿੱਚ ਗੜਬੜ ਦਾ ਕਾਰਨ ਬਣ ਸਕਦੇ ਹਨ।

ਜੇ ਤੁਹਾਡੇ ਕੋਲ ਆਪਣੇ ਡਿਵਾਈਸ ਤੇ ਗੂਗਲ ਕ੍ਰੋਮ ਨਹੀਂ ਹੈ, ਤਾਂ ਤੁਸੀਂ ਇਸ ਨੂੰ https://www.google.com/chrome/ ਤੇ ਮੁਫਤ ਵਿੱਚ ਡਾਊਨਲੋਡ ਕਰ ਸਕਦੇ ਹੋ।

ਆਪਣੀ ਅਰਜ਼ੀ ਸ਼ੁਰੂ ਕਰਨ ਤੋਂ ਪਹਿਲਾਂ, ਕਿਰਪਾ ਕਰਕੇ Google Chrome ਉੱਤੇ ਇਹ ਚੀਜ਼ਾਂ ਕਰੋ:

1. **ਆਪਣੇ ਕੈਸ਼ ਮੈਮਰੀ ਖਾਲੀ ਕਰੋ**
2. **Incognito Mode ਦੀ ਵਰਤੋਂ ਕਰੋ**
3. **ਪੌਪ-ਅੱਪ ਬਲੌਕਰ ਨੂੰ ਬੰਦ ਕਰੋ**

## ਆਪਣੇ ਕੈਸ਼ ਮੈਮਰੀ ਖਾਲੀ ਕਰੋ

ਕੈਸ਼ ਕੀਤਾ ਡੇਟਾ ਉਹ ਜਾਣਕਾਰੀ ਹੁੰਦੀ ਹੈ ਜਿਸਨੂੰ ਕਿਸੇ ਪਹਿਲਾਂ ਵਰਤੀ ਗਈ ਵੈੱਬਸਾਈਟ ਜਾਂ ਅਰਜ਼ੀ ਉੱਤੇ ਸਟੋਰ ਕੀਤਾ ਗਿਆ ਹੁੰਦਾ ਹੈ ਅਤੇ ਇਸਨੂੰ ਤੁਹਾਡੀ ਜਾਣਕਾਰੀ ਸਵੈਚਲਿਤ ਤਰੀਕੇ ਨਾਲ ਭਰੇ ਜਾਣ ਦੁਆਰਾ ਤੁਹਾਡੀ ਬ੍ਰਾਊਜ਼ਿੰਗ ਪ੍ਰਕਿਰਿਆ ਨੂੰ ਵਧੇਰੇ ਤੇਜ਼ ਬਣਾਉਣ ਲਈ ਵਰਤਿਆ ਜਾਂਦਾ ਹੈ। ਪਰ, ਕੈਸ਼ ਕੀਤੇ ਡੇਟਾ ਵਿੱਚ ਪੁਰਾਣੀ ਹੋ ਚੁੱਕੀ ਜਾਣਕਾਰੀ ਵੀ ਸ਼ਾਮਲ ਹੋ ਸਕਦੀ ਹੈ ਜਿਵੇਂ ਕਿ ਪੁਰਾਣੇ ਪਾਸਵਰਡ ਜਾਂ ਅਜਿਹੀ ਜਾਣਕਾਰੀ ਜੋ ਤੁਸੀਂ ਪਹਿਲਾਂ ਗਲਤ ਤਰੀਕੇ ਨਾਲ ਭਰੀ ਸੀ। ਇਸ ਨਾਲ ਤੁਹਾਡੀ ਅਰਜ਼ੀ ਵਿੱਚ ਗੜਬੜੀਆਂ ਪੈਦਾ ਹੋ ਸਕਦੀਆਂ ਹਨ ਅਤੇ ਇਸ ਦੇ ਸਿੱਟੇ ਵਜੋਂ ਤੁਹਾਡੀ ਅਰਜ਼ੀ ਦੀ ਸੰਭਾਵੀ ਧੋਖਾਧੜੀ ਵਾਸਤੇ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ।

## Incognito Mode ਦੀ ਵਰਤੋਂ ਕਰੋ

Incognito mode ਤੁਹਾਨੂੰ ਆਪਣੀ ਜਾਣਕਾਰੀ ਗੁਪਤ ਤਰੀਕੇ ਨਾਲ ਦਾਖਲ ਕਰਨ ਦੇ ਯੋਗ ਬਣਾਉਂਦਾ ਹੈ ਅਤੇ ਤੁਹਾਡੇ ਡੇਟਾ ਨੂੰ ਯਾਦ ਰੱਖੇ ਜਾਣ ਜਾਂ ਕੈਸ਼ ਮੈਮਰੀ ਵਿੱਚ ਸਟੋਰ ਕਰਨ ਤੋਂ ਰੋਕਦਾ ਹੈ।

## ਪੌਪ-ਅੱਪ ਬਲੌਕਰ ਨੂੰ ਬੰਦ ਕਰੋ

ਸਾਡੀ ਅਰਜ਼ੀ ਵਿੱਚ ਇੱਕ ਤੋਂ ਵਧੇਰੇ ਪੌਪ-ਅੱਪ ਸੰਦੇਸ਼ ਸ਼ਾਮਲ ਹਨ ਜਿਨ੍ਹਾਂ ਨੂੰ ਤੁਹਾਡੇ ਵੱਲੋਂ ਪ੍ਰਦਾਨ ਕੀਤੀ ਜਾਣਕਾਰੀ ਦੀ ਸਟੀਕਤਾ ਦੀ ਪੁਸ਼ਟੀ ਕਰਨ ਲਈ ਵਰਤਿਆ ਜਾਂਦਾ ਹੈ। ਇਹਨਾਂ ਸੰਦੇਸ਼ਾਂ ਨੂੰ ਦੇਖਣ ਲਈ ਤੁਹਾਨੂੰ ਲਾਜ਼ਮੀ ਤੌਰ 'ਤੇ Google Chrome ਉੱਤੇ ਪੌਪ-ਅੱਪ ਬਲੌਕਰ ਨੂੰ ਬੰਦ ਕਰਨਾ ਚਾਹੀਦਾ ਹੈ।

# ਆਪਣੇ ਕੈਸ਼ ਨੂੰ ਕਿਵੇਂ ਸਾਫ ਕਰਨਾ ਹੈ

CALIFORNIA DREAM FUND

## ਕਦਮ 1

ਇੱਕ ਨਵੀਂ ਗੂਗਲ ਕ੍ਰੋਮ ਵਿੰਡੋ ਨੂੰ ਖੋਲ੍ਹੋ, ਉੱਪਰੀ ਸੱਜੇ ਕਿਨਾਰੇ ਤੇ ਤਿੰਨ ਬਿੰਦੀਆਂ ਤੇ ਕਲਿੱਕ ਕਰੋ, ਅਤੇ ਫੇਰ "**ਸੈਟਿੰਗਸ**" ਤੇ ਜਾਓ।




## ਕਦਮ 2

"**ਨਿੱਜਤਾ ਅਤੇ ਸੁਰੱਖਿਆ**" ਤੇ ਜਾਓ, ਅਤੇ ਫੇਰ "**ਬ੍ਰਾਊਜ਼ਿੰਗ ਡੇਟਾ ਨੂੰ ਸਾਫ ਕਰੋ**" ਦੀ ਚੋਣ ਕਰੋ।




## ਕਦਮ 3

"**ਡੇਟਾ ਸਾਫ ਕਰੋ**" ਦੀ ਚੋਣ ਕਰੋ।



# ਇੰਕੋਗਨਿਟੋ ਮੋਡ ਦਾ ਉਪਯੋਗ ਕਿਵੇਂ ਕਰਨਾ ਹੈ

CALIFORNIA DREAM FUND

## ਕਦਮ 1

ਆਪਣੇ ਵੈੱਬ ਬ੍ਰਾਊਜ਼ਰ ਦੇ ਉੱਪਰਲੇ ਸੱਜੇ ਕੋਨੇ ਵਿੱਚ ਦਿੱਤੇ ਤਿੰਨ ਬਿੰਦੂਆਂ ਉੱਤੇ ਕਲਿੱਕ ਕਰੋ, ਅਤੇ ਫੇਰ "**New incognito window**" ਦੀ ਚੋਣ ਕਰੋ।




## ਕਦਮ 2

ਤੁਹਾਡਾ ਬ੍ਰਾਊਜ਼ਰ ਇੱਕ ਨਵੀਂ ਗੂਗਲ ਕ੍ਰੋਮ ਵਿੰਡੋ ਨੂੰ ਖੋਲ੍ਹੇਗਾ। ਪੂਰੀ ਅਰਜੀ ਦੀ ਪਰਕਿਰਿਆ ਦੇ ਦੌਰਾਨ ਇੰਕੋਗਨਿਟੋ ਮੋਡ ਦਾ ਉਪਯੋਗ ਕਰੋ।



# ਪੋਪ-ਅਪ ਬਲਾਕਰ ਨੂੰ ਅਯੋਗ ਕਿਵੇਂ ਕਰਨਾ ਹੈ

## ਕਦਮ 1

ਇੱਕ ਨਵੀਂ ਗੂਗਲ ਕ੍ਰੋਮ ਵਿੰਡੋ ਨੂੰ ਖੋਲ੍ਹੋ, ਉੱਪਰੀ ਸੱਜੇ ਕਿਨਾਰੇ ਤੇ ਤਿੰਨ ਬਿੰਦੀਆਂ ਤੇ ਕਲਿੱਕ ਕਰੋ, ਅਤੇ ਫੇਰ "**ਸੈਟਿੰਗਸ**" ਤੇ ਜਾਓ।




## ਕਦਮ 2

"**ਨਿੱਜਤਾ ਅਤੇ ਸੁਰੱਖਿਆ**" ਤੇ ਜਾਓ, ਅਤੇ ਫੇਰ "**ਸਾਈਟ ਸੈਟਿੰਗਸ**" ਦੀ ਚੋਣ ਕਰੋ।




## ਕਦਮ 3

"**ਪੋਪ-ਅਪ ਅਤੇ ਰੀਡਾਇਰੈਕਟਸ**" ਦੀ ਚੋਣ ਕਰੋ। ਬਟਨ ਤੇ ਕਲਿੱਕ ਕਰੋ ਤਾਂ ਕਿ ਇਹ ਨੀਲਾ ਹੋ ਜਾਵੇ ਅਤੇ ਸਥਿਤੀ "**ਬਲਾਕ ਕੀਤਾ**" ਤੋਂ "**ਆਗਿਆ ਦਿੱਤੀ**" ਵਿੱਚ ਬਦਲ ਜਾਂਦੀ ਹੈ।






# ਸੁਝਾਅ #2: PDF ਫੋਰਮੈਟ ਵਿੱਚ ਆਪਣੇ ਦਸਤਾਵੇਜਾਂ ਨੂੰ ਤਿਆਰ ਕਰੋ

CALIFORNIA DREAM FUND

**ਸਾਰੇ ਲੋੜੀਂਦੇ ਦਸਤਾਵੇਜਾਂ ਨੂੰ** **<u>ਸਿਰਫ PDF ਫਾਰਮੈਟ</u>** ਵਿੱਚ ਹੀ ਪੋਰਟਲ ਤੇ ਅਪਲੋਡ ਕੀਤਾ ਜਾਣਾ ਲਾਜ਼ਮੀ ਹੈ। ਦਸਤਾਵੇਜ਼ ਸਾਫ, ਸਿੱਧੇ ਹੋਣੇ ਲਾਜ਼ਮੀ ਹਨ, ਅਤੇ ਇਸ ਵਿੱਚ ਅਪਲੋਡ ਕਰਨ ਤੇ ਕੋਈ ਖਰਾਬੀ ਵਾਲੇ ਪਿਛੋਕੜ ਨਾ ਹੋਣੇ ਲਾਜ਼ਮੀ ਹਨ।

ਦਸਤਾਵੇਜ਼ ਅੱਪਲੋਡ ਕਰਨ ਵਾਸਤੇ ਅਹਿਮ ਨੋਟ-ਕਥਨ:

1. ਸਾਰੇ ਦਸਤਾਵੇਜਾਂ ਨੂੰ PDF ਫਾਰਮੈਟ ਵਿੱਚ ਜਮ੍ਹਾਂ ਕੀਤਾ ਜਾਣਾ ਲਾਜ਼ਮੀ ਹੈ (ਸਰਕਾਰ ਦੁਆਰਾ ਜਾਰੀ ਕੀਤੀ ID ਨੂੰ ਇੱਕ PDF ਜਾਂ JPEG ਵਜੋਂ ਜਮ੍ਹਾਂ ਕੀਤਾ ਜਾ ਸਕਦਾ ਹੈ)।
2. ਫਾਈਲ ਦਾ ਸਾਈਜ਼ ਲਾਜ਼ਮੀ ਤੌਰ 'ਤੇ 15MB ਤੋਂ ਘੱਟ ਹੋਣਾ ਚਾਹੀਦਾ ਹੈ।
3. ਫਾਈਲ ਦੇ ਨਾਮ ਵਿੱਚ ਵਿਸ਼ੇਸ਼ ਅੱਖਰ-ਚਿੰਨ੍ਹ (!@#$%^&*()_+) ਨਹੀਂ ਹੋ ਸਕਦੇ।
4. ਜੇ ਤੁਹਾਡੀ ਫਾਈਲ ਨੂੰ ਪਾਸਵਰਡ ਨਾਲ ਰੱਖਿਅਤ ਕੀਤਾ ਗਿਆ ਹੈ, ਤਾਂ ਤੁਹਾਨੂੰ ਇਸਨੂੰ ਦਾਖਲ ਕਰਨ ਦੀ ਲੋੜ ਪਵੇਗੀ।

**ਸਕੈਨਰ ਨਹੀਂ ਹੈ?**

ਅਸੀਂ ਇੱਕ ਮੁਫਤ ਮੋਬਾਈਲ ਸਕੈਨਿੰਗ ਐਪ ਨੂੰ ਡਾਊਨਲੋਡ ਅਤੇ ਉਪਯੋਗ ਕਰਨ ਦੀ ਸਿਫਾਰਿਸ਼ ਕਰਦੇ ਹਾਂ। !

**Genius Scan**
Apple | ਡਾਊਨਲੋਡ ਕਰਨ ਲਈ ਏਥੇ ਕਲਿੱਕ ਕਰੋ
Android | ਡਾਊਨਲੋਡ ਕਰਨ ਲਈ ਏਥੇ ਕਲਿੱਕ ਕਰੋ

**Adobe Scan**
Apple | ਡਾਊਨਲੋਡ ਕਰਨ ਲਈ ਏਥੇ ਕਲਿੱਕ ਕਰੋ
Android | ਡਾਊਨਲੋਡ ਕਰਨ ਲਈ ਏਥੇ ਕਲਿੱਕ ਕਰੋ

**ਨਮੂਨਾ: ਸਹੀ ਅਪਲੋਡ**




ਦਸਤਾਵੇਜ਼ ਸਾਫ ਅਤੇ ਸਿੱਧਾ ਹੈ।

**ਨਮੂਨਾ: ਗਲਤ ਅਪਲੋਡ**




1




2

1. ਦਸਤਾਵੇਜ਼ ਸਿੱਧੀ ਰੇਖਾ ਵਿੱਚ ਨਹੀਂ ਹੈ।
2. ਦਸਤਾਵੇਜ਼ ਵਿੰਡੋ ਦੇ ਸਾਹਮਣੇ ਹੈ (ਰੁਝੇਵੇਂ ਭਰੀ ਪਿੱਠਭੂਮੀ) ਅਤੇ ਫੋਟੋ ਵਿੱਚ ਇੱਕ ਹੱਥ ਦਿਖ ਰਿਹਾ ਹੈ।

# ਸੁਝਾਅ #3: ਇੱਕ ਵੈਧ ਈਮੇਲ ਪਤੇ ਦਾ ਉਪਯੋਗ ਕਰੋ

CALIFORNIA DREAM FUND

**ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਇੱਕ ਵੈਧ ਈਮੇਲ ਪਤੇ ਦਾ ਉਪਯੋਗ ਕਰ ਰਹੇ ਹੋ ਅਤੇ ਇਹ ਕਿ ਇਸ ਨੂੰ ਅਰਜੀ ਵਿੱਚ ਸਹੀ ਢੰਗ ਨਾਲ ਲਿੱਖਿਆ ਗਿਆ ਹੈ।**

- ਤੁਹਾਡੇ ਅਰਜ਼ੀ ਵਾਸਤੇ ਅੱਪਡੇਟ ਅਤੇ ਵਾਧੂ ਮਾਰਗ-ਦਰਸ਼ਨ ਤੁਹਾਡੇ ਵੱਲੋਂ ਪ੍ਰਦਾਨ ਕਰਾਏ ਜਾਂਦੇ ਈਮੇਲ ਪਤੇ 'ਤੇ ਭੇਜੇ ਜਾਣਗੇ। ਕੁਝ ਖਾਸ ਈਮੇਲ ਪਤਿਆਂ ਦੀ ਲੇਂਡਿਸਟ੍ਰੀ ਦੇ ਸਿਸਟਮ ਵਿੱਚ ਪਛਾਣ ਨਹੀਂ ਕੀਤੀ ਜਾ ਸਕਦੀ ਹੈ ਅਤੇ ਇਸ ਦੇ ਕਾਰਨ ਤੁਹਾਡੀ ਅਰਜੀ ਦੇ ਸਬੰਧ ਵਿੱਚ ਸੰਚਾਰ ਵਿੱਚ ਦੇਰੀ ਹੋ ਸਕਦੀ ਹੈ।

**ਜੇ ਤੁਸੀਂ ਆਪਣੀ ਅਰਜੀ ਵਿੱਚ ਗਲਤ ਜਾਂ ਅਵੈਧ ਈਮੇਲ ਪਤੇ ਦੀ ਵਰਤੋਂ ਕੀਤੀ ਸੀ, ਤਾਂ ਕਿਰਪਾ ਕਰਕੇ ਆਪਣੀ ਜਾਣਕਾਰੀ ਨੂੰ ਅਪਡੇਟ ਕਰਨ ਲਈ (888) 585-7361 ਤੇ ਸਾਡੇ ਕਾਲ ਸੈਂਟਰ ਨਾਲ ਸੰਪਰਕ ਕਰੋ।**

ਇੱਕ ਨਵੀਂ ਅਰਜੀ ਨੂੰ ਜਮ੍ਹਾਂ ਨਾ ਕਰੋ। ਕਈ ਅਰਜੀਆਂ ਨੂੰ ਜਮ੍ਹਾਂ ਕਰਨ ਦਾ ਸੰਭਾਵੀ ਧੋਖਾਧੜੀ ਦੇ ਰੂਪ ਵਿੱਚ ਪਤਾ ਲਗਾਇਆ ਜਾ ਸਕਦਾ ਹੈ ਅਤੇ ਇਸ ਨਾਲ ਤੁਹਾਡੀ ਅਰਜੀ ਲਈ ਸਮੀਖਿਆ ਦੀ ਪਰਕਿਰਿਆ ਵਿੱਚ ਰੁਕਾਵਟ ਪੈਦਾ ਹੋ ਸਕਦੀ ਹੈ।

## ਅਵੈਧ ਈਮੇਲ ਪਤੇ

ਹੇਠਾਂ ਦਿੱਤੇ ਈਮੇਲ ਪਤਿਆਂ ਨੂੰ ਸਾਡੇ ਸਿਸਟਮ ਵਿੱਚ ਸਵੀਕਾਰ ਨਹੀਂ ਕੀਤਾ ਜਾਵੇਗਾ ਜਾਂ ਪਛਾਣਿਆ ਨਹੀਂ ਜਾਵੇਗਾ:

ਉਹ ਈਮੇਲ ਪਤੇ *ਜਿਨ੍ਹਾਂ ਦੇ ਸ਼ੁਰੂ ਵਿੱਚ* **info@** ਹੁੰਦਾ ਹੈ, ਉਦਾਹਰਨ: info@mycompany.com

ਉਹ ਈਮੇਲ ਪਤੇ *ਜਿਨ੍ਹਾਂ ਦੇ ਅੰਤ ਵਿੱਚ* **@contact.com** ਜਾਂ **@noreply.com**ਹੁੰਦਾ ਹੈ

ਉਦਾਹਰਨ: mycompany@contact.com
ਉਦਾਹਰਨ: mycompany@noreply.com

# ਸੁਝਾਅ #4: ਆਪਣੇ NAICS ਕੋਡ ਦੀ ਭਾਲ ਕਰੋ

CALIFORNIA DREAM FUND

ਅਰਜੀ ਪਰਕਿਰਿਆ ਦੇ ਦੌਰਾਨ, ਤੁਹਾਨੂੰ ਆਪਣੇ ਵਪਾਰ ਲਈ ਨੋਰਥ ਅਮੇਰਿਕਨ ਇੰਡਸਟ੍ਰੀ ਕਲਾਸਿਫਿਕੇਸ਼ਨ ਸਿਸਟਮ ਜਾਂ, NAICS, ਕੋਡ ਦਰਜ ਕਰਨ ਦੀ ਲੋੜ ਹੋਵੇਗੀ।

NAICS ਕੋਡ ਸਿਸਟਮ ਦਾ ਅਮਰੀਕੀ ਅਰਥ-ਵਿਵਸਥਾ ਨਾਲ ਸਬੰਧਤ ਸੰਖਿਅਕੀ ਡੇਟਾ ਨੂੰ ਇਕੱਤਰ, ਵਿਸ਼ਲੇਸ਼ਣ, ਅਤੇ ਪ੍ਰਕਾਸ਼ਿਤ ਕਰਨ ਲਈ ਸੰਘੀ ਸੰਖਿਅਕੀ ਏਜੰਸੀਆਂ ਦੁਆਰਾ ਉਪਯੋਗ ਕੀਤਾ ਜਾਂਦਾ ਹੈ।

**ਤੁਹਾਡੇ NAICS ਕੋਡ ਨੂੰ ਸਵੈ-ਸਪੁਰਦ ਕੀਤਾ ਜਾਂਦਾ ਹੈ ਅਤੇ ਇਹ ਤੁਹਾਡੇ ਵਪਾਰ ਲਈ ਪ੍ਰਮੁੱਖ ਗਤੀਵਿਧੀ ਦੇ ਤੁਹਾਡੇ ਖੁਦ ਦੇ ਮੁਲਾਂਕਣ ਤੇ ਅਧਾਰਤ ਹੈ।**

ਆਪਣੇ NAICS ਕੋਡ ਦੀ ਭਾਲ ਕਰਨ ਲਈ, ਇੱਥੇ ਜਾਓ: https://www.naics.com/search/.





CALIFORNIA DREAM FUND

# ਅਰਜੀ ਪਰਕਿਰਿਆ

ਕੈਲੀਫੋਰਨੀਆ ਡ੍ਰੀਮ ਫੰਡ ਦਾ ਕੈਲੀਫੋਰਨੀਆ ਆਫਿਸ ਆਫ ਦਾ ਸਮਾਲ ਬਿਜ਼ਨਸ ਐਡਵੋਕੇਟ (CalOSBA) ਦੁਆਰਾ ਤਕਨੀਕੀ ਸਹਾਇਤਾ ਵਿਸਤਾਰ ਕਾਰਜਕ੍ਰਮ (TAEP) ਦੇ ਚੁਨਿੰਦਾ ਕੇਂਦਰਾਂ ਦੇ ਜਰੀਏ ਪ੍ਰਬੰਧਨ ਕੀਤਾ ਜਾਂਦਾ ਹੈ।

# ਤਕਨੀਕੀ ਸਹਾਇਤਾ ਵਿਸਤਾਰ ਪ੍ਰੋਗਰਾਮ (TAEP)



ਕੈਲੀਫੋਰਨੀਆ ਡ੍ਰੀਮ ਫੰਡ ਸਿਰਫ ਕੈਲੀਫੋਰਨੀਆ ਛੋਟੇ ਵਪਾਰ ਦੇ ਤਕਨੀਕੀ ਸਹਾਇਤਾ ਵਿਸਤਾਰ ਪ੍ਰੋਗਰਾਮ (TAEP) ਦੇ ਕੇਂਦਰਾਂ ਦੇ ਨੈਟਵਰਕ ਦੇ ਚੁਨਿੰਦਾ ਕੇਂਦਰਾਂ ਦੇ ਜਰੀਏ ਹੀ ਉਪਲਬਧ ਹੈ।

ਮਨਜੂਰੀ ਲਈ ਯੋਗ ਹੋਣ ਲਈ, ਬਿਨੈਕਾਰਾਂ ਦਾ ਤਕਨੀਕੀ ਸਹਾਇਤਾ ਵਿਸਤਾਰ ਪ੍ਰੋਗਰਾਮ (TAEP) ਦੇ ਜਰੀਏ ਭਾਗੀਦਾਰ ਕੇਂਦਰਾਂ ਦੇ ਨਾਲ ਵਿਸਤ੍ਰਿਤ ਸਿਖਲਾਈ ਪ੍ਰੋਗਰਾਮ ਨੂੰ ਪੂਰਾ ਕੀਤਾ ਹੋਣਾ ਲਾਜ਼ਮੀ ਹੈ। ਜਦੋਂ ਉਨ੍ਹਾਂ ਦੀ ਸਿਖਲਾਈ ਪੂਰੀ ਹੋ ਜਾਂਦੀ ਹੈ, ਤਾਂ ਪਾੱਤਰ ਭਾਗੀਦਾਰ ਸਮਾਪਤੀ ਦਾ ਪ੍ਰਮਾਣ-ਪੱਤਰ ਅਤੇ ਅਨੂਠਾ ਅਰਜੀ ਕੋਡ ਪ੍ਰਾਪਤ ਕਰਣਗੇ, ਜਿਸ ਦੀ ਲੈਂਡਿਸਟ੍ਰੀ ਦੇ ਜਰੀਏ $10,000 ਤਕ ਦੀ ਮਨਜੂਰੀ ਲਈ ਅਰਜੀ ਦੇਣ ਲਈ ਲੋੜ ਹੋਵੇਗੀ।

**TAEP ਨੈਟਵਰਕ ਵਿੱਚ ਜਿਆਦਾਤਰ ਪਾੱਤਰ ਸਿਖਲਾਈ ਪ੍ਰੋਗਰਾਮ ਵਰਤਮਾਨ ਵਿੱਚ ਸੰਪੂਰਨ ਹਨ, ਅਤੇ ਸਿਖਲਾਈ ਚੱਲ ਰਹੀ ਹੈ।**




ਕੇਂਦਰ ਦੀ ਭਾਲ ਕਰਨ ਲਈ ਇੱਥੇ ਕਲਿੱਕ ਕਰੋ

ਭਾਗੀਦਾਰ ਕੇਂਦਰਾਂ ਨੂੰ ਦੇਖਣ ਲਈ ਇੱਥੇ ਕਲਿੱਕ ਕਰੋ

# ਕਿੱਥੇ ਅਰਜੀ ਦੇਣੀ ਹੈ



ਇੱਕ ਵਾਰ ਜਦੋਂ ਤੁਸੀਂ ਆਪਣਾ ਅਨੂਠਾ ਅਰਜੀ ਕੋਡ ਪ੍ਰਾਪਤ ਕਰ ਲੈਂਦੇ ਹੋ, ਤਾਂ ਤੁਸੀਂ www.cadreamfund.com ਤੇ ਕੈਲੀਫੋਰਨੀਆ ਡ੍ਰੀਮ ਫੰਡ ਦੀ ਵੈਬਸਾਈਟ ਤੇ ਜਾ ਕੇ ਅਰਜੀ ਨੂੰ ਸ਼ੁਰੂ ਕਰ ਸਕਦੇ ਹੋ।

1. ਇੱਕ ਨਵੀਂ ਅਰਜੀ ਨੂੰ ਸ਼ੁਰੂ ਕਰਨ ਲਈ, ਮੀਨੂ ਤੋਂ "**ਅਰਜੀ ਦਿਓ**" ਦੀ ਚੋਣ ਕਰੋ। ਤੁਹਾਨੂੰ ਲੇਂਡਿਸਟ੍ਰੀ ਦੇ ਐਪਲੀਕੇਸ਼ਨ ਪੋਰਟਲ ਤੇ ਲਿਜਾਇਆ ਜਾਵੇਗਾ (ਹਵਾਲੇ ਲਈ ਪੰਨਾ 24 ਦੇਖੋ)।
2. ਤੁਸੀਂ "**ਲੇਂਡਿਸਟ੍ਰੀ ਦੇ ਪੋਰਟਲ**" ਤੇ ਕਲਿੱਕ ਕਰਕੇ ਕਿਸੇ ਵੀ ਸਮੇਂ ਤੇ ਆਪਣੀ ਅਰਜੀ ਤਕ ਪਹੁੰਚ ਪ੍ਰਾਪਤ ਕਰਨ ਅਤੇ ਇਸ ਦਾ ਪ੍ਰਬੰਧਨ ਕਰਨ ਦੇ ਯੋਗ ਹੋਵੋਗੇ।

ਕੈਲੀਫੋਰਨੀਆ ਡ੍ਰੀਮ ਫੰਡ ਵੈਬਸਾਈਟ ਵਿੱਚ ਪੂਰੀ ਅਰਜੀ ਦੀ ਪਰਕਿਰਿਆ ਦੇ ਜਰੀਏ ਤੁਹਾਡਾ ਮਾਰਗ-ਦਰਸ਼ਨ ਕਰਨ ਵਿੱਚ ਮਦਦ ਕਰਨ ਲਈ ਭਿੰਨ-ਭਿੰਨ ਸਰੋਤ ਵੀ ਸ਼ਾਮਲ ਹਨ। ਸਰੋਤਾਂ ਵਿੱਚ ਇਹ ਸ਼ਾਮਲ ਹਨ: ਸਰੋਤਾਂ ਵਿੱਚ ਸ਼ਾਮਲ ਹਨ:

- ਪ੍ਰੋਗਰਾਮ ਵਾਸਤੇ ਸੇਧਾਂ
- ਪ੍ਰੋਗਰਾਮ ਅਤੇ ਐਪਲੀਕੇਸ਼ਨ ਗਾਈਡ
- ਅਰਜ਼ੀ ਦਾ ਪ੍ਰਮਾਣੀਕਰਨ (Application Certification) ਡਾਊਨਲੋਡ ਕਰਨਾ
- ਭਾਗੀਦਾਰ TAEP ਨੈਟਵਰਕ ਕੇਂਦਰਾਂ ਦੀ ਸੂਚੀ
- ਕਾਲ ਸੈਂਟਰ ਦਾ ਨੰਬਰ ਅਤੇ ਖੁੱਲ੍ਹਣ ਦਾ ਸਮਾਂ
- ਮੰਗ-ਤੇ-ਵੀਡੀਓ
- ਆਮ ਪੁੱਛੇ ਜਾਣ ਵਾਲੇ ਸੁਆਲ



# ਇੱਕ ਪੋਰਟਲ ਖਾਤਾ ਬਣਾਓ

CALIFORNIA DREAM FUND

ਤੁਹਾਡੇ ਦੁਆਰਾ ਇੱਕ ਨਵੀਂ ਅਰਜੀ ਨੂੰ ਸ਼ੁਰੂ ਕਰ ਸਕਣ ਤੋਂ ਪਹਿਲਾਂ, ਤੁਹਾਨੂੰ ਲੇਂਡਿਸਟਰੀ ਦੇ ਪੋਰਟਲ ਲਈ ਇੱਕ ਖਾਤਾ ਬਣਾਉਣ ਦੀ ਲੋੜ ਹੋਵੇਗੀ।

## ਇੱਕ ਲੇਂਡਿਸਟ੍ਰੀ ਪੋਰਟਲ ਖਾਤਾ ਕਿਵੇਂ ਬਣਾਉਣਾ ਹੈ

### ਕਦਮ 1

ਖਾਤਾ ਬਣਾਉਣ ਲਈ "**ਹੁਣੇ ਅਰਜੀ ਦਿਓ**" ਤੇ ਕਲਿੱਕ ਕਰੋ।

### ਕਦਮ 2

ਆਪਣਾ ਈਮੇਲ ਪਤਾ ਜਾਂ ਫ਼ੋਨ ਨੰਬਰ ਰਜਿਸਟਰ ਕਰੋ। **ਤੁਹਾਡੇ ਦੁਆਰਾ ਇੱਥੇ ਰਜਿਸਟਰ ਕੀਤਾ ਗਿਆ ਈਮੇਲ ਅਤੇ ਪਾਸਵਰਡ ਪੋਰਟਲ ਲਈ ਤੁਹਾਡੇ ਲਾਗ-ਇਨ ਵੇਰਵੇ ਹੋਣਗੇ,** ਇਸ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਤੁਸੀਂ ਉਹਨਾਂ ਨੂੰ ਨੋਟ ਕਰ ਲਓ। **ਤੁਹਾਨੂੰ ਇਸ ਭਾਗ ਵਿੱਚ ਇੱਕ ਅਸਲੀ ਅਤੇ ਚੱਲਦਾ ਮੋਬਾਈਲ ਨੰਬਰ ਵੀ ਦਰਜ ਕਰਨ ਦੀ ਲੋੜ ਹੋਵੇਗੀ।**

### ਕਦਮ 3

ਇੱਕ **ਪੁਸ਼ਟੀਕਰਨ ਕੋਡ** ਤੁਹਾਨੂੰ SMS/ਟੈਕਸਟ ਰਾਹੀਂ ਭੇਜਿਆ ਜਾਵੇਗਾ, ਜਿਸਦੀ ਤੁਹਾਨੂੰ ਆਪਣੀ ਖਾਤਾ ਰਜਿਸਟ੍ਰੇਸ਼ਨ ਪੂਰੀ ਕਰਨ ਲਈ ਲੋੜ ਹੁੰਦੀ ਹੈ। ਤੁਹਾਡੀ ਪਰਦੇਦਾਰੀ ਅਤੇ ਤੁਹਾਡੇ ਵੱਲੋਂ ਦਿੱਤੀ ਜਾਂਦੀ ਜਾਣਕਾਰੀ ਦੀ ਰੱਖਿਆ ਕਰਨ ਲਈ, ਹਰ ਵਾਰ ਪੋਰਟਲ ਵਿੱਚ ਲੌਗ ਇਨ ਕਰਨ 'ਤੇ ਤੁਹਾਨੂੰ ਇੱਕ ਪੁਸ਼ਟੀਕਰਨ ਕੋਡ ਦੀ ਲੋੜ ਵੀ ਪਵੇਗੀ। ਡੈਟਾ ਅਤੇ ਸੰਦੇਸ਼ ਭੇਜਣ ਦੇ ਰੇਟ ਲਾਗੂ ਹੋ ਸਕਦੇ ਹਨ।




2




ਆਪਣੀ ਈਮੇਲ ਜਾਂ ਫ਼ੋਨ ਨੰਬਰ ਰਜਿਸਟਰ ਕਰੋ।

3




ਪੁਸ਼ਟੀਕਰਨ ਕੋਡ ਦਾਖਲ ਕਰੋ।

# ਸੈਕਸ਼ਨ 1: ਮਾਲਕ ਦੇ ਵੇਰਵੇ

## ਕਿਹੜੀ ਜਾਣਕਾਰੀ ਦੀ ਲੋੜ ਹੈ?

- ਨਾਮ ਦਾ ਪਹਿਲਾ ਭਾਗ
- ਨਾਮ ਦਾ ਆਖਰੀ ਭਾਗ
- ਈਮੇਲ
- ਰਿਹਾਇਸ਼ੀ ਪਤਾ
- ਜਨਮ ਤਾਰੀਖ਼
- ਸੋਸ਼ਲ ਸਕਿਉਰਟੀ ਨੰਬਰ (SSN) ਜਾਂ ਇੰਡਵਿਜ਼ੂਅਲ ਟੈਕਸਪੇਅਰ ਆਈਡੈਂਟੀਫਿਕੇਸ਼ਨ ਨੰਬਰ (ITIN)[1]
- ਮਲਕੀਅਤ ਦਾ ਪ੍ਰਤੀਸ਼ਤ
- ਰੈਫਰਲ ਪਾਰਟਨਰ[2]
- ਤਰਜੀਹੀ ਫੋਨ ਨੰਬਰ
- ਲਿੰਗ
- ਜਾਤ[3]
- ਨੈਤਿਕਤਾ[3]
- SMS/ਟੈਕਸਟ ਪਾਲਿਸੀ[4]

[1]ਇਹ ਯਕੀਨੀ ਬਣਾਉਣ ਲਈ ਲੋੜੀਂਦਾ ਹੈ ਕਿ ਬਿਨੈਕਾਰ OFAC ਸੂਚੀ ਵਿੱਚ ਨਹੀਂ ਹੈ।
[2]ਤੁਹਾਡੇ ਦੁਆਰਾ ਚੁਣਿਆ ਗਿਆ ਰੈਫਰਲ ਭਾਈਵਾਲ ਤੁਹਾਡੀ ਅਰਜ਼ੀ ਨੂੰ ਪ੍ਰਭਾਵਿਤ ਨਹੀਂ ਕਰੇਗਾ।
[3]ਕਾਰੋਬਾਰ ਦੇ ਜ਼ਿਆਦਾਤਰ ਮਾਲਕ ਜਾਂ ਪ੍ਰਮੁੱਖ ਮਾਲਕ ਲਈ ਜਾਣਕਾਰੀ ਪ੍ਰਦਾਨ ਕਰੋ।
[4]ਜੇਕਰ ਤੁਸੀਂ ਸਮੀਖਿਆ ਪਰਕਿਰਿਆ ਦੇ ਦੌਰਾਨ SMS/ਟੈਕਸਟ ਰਾਹੀਂ ਆਪਣੀ ਅਰਜ਼ੀ 'ਤੇ ਅਪਡੇਟ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਬਾਕਸ 'ਤੇ ਨਿਸ਼ਾਨ ਲਗਾਓ।



CALIFORNIA DREAM FUND

## ਕਿਹੜੀ ਜਾਣਕਾਰੀ ਦੀ ਲੋੜ ਹੈ?

- ਕਾਰੋਬਾਰ ਦਾ ਕਨੂੰਨੀ ਨਾਮ
- ਡੂਇੰਗ ਬਿਜਨਸ ਐਜ/"DBA" (ਜੇ ਲਾਗੂ ਹੁੰਦਾ ਹੈ)
- ਵਪਾਰਕ EIN (ਜੇ ਲਾਗੂ ਹੋਵੇ)
- ਸਮਾਜਿਕ ਸੁਰੱਖਿਆ ਨੰਬਰ (SSN)[1]
- ਕਾਰੋਬਾਰ ਦਾ ਪਤਾ
- ਕਾਰੋਬਾਰ ਦਾ ਫ਼ੋਨ ਨੰਬਰ
- ਕਾਰੋਬਾਰ ਦੀ ਕਿਸਮ (ਮੁਨਾਫੇ ਵਾਸਤੇ ਜਾਂ ਗੈਰ-ਮੁਨਾਫਾ)
- ਕਾਰੋਬਾਰੀ ਇਕਾਈ ਦੀ ਕਿਸਮ
- ਗਠਨ ਦੀ ਸਥਿਤੀ
- ਵਪਾਰ ਨੂੰ ਸਥਾਪਿਤ ਕਰਨ ਦੀ ਮਿਤੀ
- ਕਾਰੋਬਾਰ ਦੀ ਵੈੱਬਸਾਈਟ (ਜੇਕਰ ਲਾਗੂ ਹੁੰਦਾ ਹੈ)

ਧਿਆਨ ਦਿਓ: ਸਾਡੀ ਵੈੱਬ ਅਰਜ਼ੀ ਦੇ ਮਕਸਦ ਵਾਸਤੇ, "ਕਾਰੋਬਾਰ" ਤੋਂ ਭਾਵ ਕਿਸੇ ਮੁਨਾਫੇ ਲਈ ਕੰਮ ਕਰਦੇ ਕਾਰੋਬਾਰ ਜਾਂ ਗੈਰ-ਮੁਨਾਫਾ ਸੰਸਥਾ ਤੋਂ ਹੈ।

[1]ਉਹ SSN ਦਰਜ ਕਰੋ ਜਿਸਦੀ ਵਰਤੋਂ ਤੁਹਾਡੇ ਵਪਾਰ ਨੇ ਪਿਛਲੇ ਸਾਲ ਦੀ ਟੈਕਸ ਰਿਟਰਨ ਭਰਨ ਲਈ ਕੀਤੀ ਸੀ।



ਮਾਲਕ ਦੇ ਵੇਰਵੇ | ਵਪਾਰਕ ਜਾਣਕਾਰੀ - 1 | ਵਪਾਰਕ ਜਾਣਕਾਰੀ - 2 | ਤਕਨੀਕੀ ਸਹਾਇਤਾ | ਜਨਅੰਕਣ ਅੰਕੜੇ | ਖੁਲਾਸੇ ਬਾਰੇ ਸਵਾਲ ਅਤੇ ਜਵਾਬ | ਦਸਤਾਵੇਜ਼ ਅੱਪਲੋਡ ਕਰੋ | ਬੈਂਕ ਦੀ ਜਾਣਕਾਰੀ | ਪਛਾਣ ਦੀ ਪੁਸ਼ਟੀ ਕਰੋ

Tell Us About Your Organization

We want to get to know you.

Legal Business Name *

Doing Business As (DBA) - (Please type N/A if not applicable) *

Does your business have an EIN? *

Social Security Number (SSN) *

Business Address Line 1 (Please enter physical address of business) *

Business Address Line 2 (Please enter physical address of business)

Business City *

Business State *

Business Zip Code *

Business Phone Number *

Are you a non-profit or for-profit business? *

Business Entity Type *

State of Formation *

Date Business Established *

Business Website URL - (Please type N/A if not applicable) *

CALIFORNIA DREAM FUND

## ਕਿਹੜੀ ਜਾਣਕਾਰੀ ਦੀ ਲੋੜ ਹੈ?

- ਮਨਜ਼ੂਰੀ ਦੀ ਵਰਤੋਂ ਦਾ ਉਦੇਸ਼
- ਬੇਨਤੀ ਕੀਤੀ ਰਕਮ
- 2019 ਲਈ ਸਲਾਨਾ ਕੁੱਲ ਰਸੀਦਾਂ (ਇਸ ਦਾ ਤੁਹਾਡੀਆਂ ਟੈਕਸ ਰਿਟਰਨਾਂ ਨਾਲ ਮੇਲ ਖਾਉਣਾ ਲਾਜ਼ਮੀ ਹੈ। ਜੇਕਰ ਤੁਸੀਂ 2019 ਵਿੱਚ ਟੈਕਸ ਰਿਟਰਨਾਂ ਦਾਇਰ ਨਹੀਂ ਕੀਤੀਆਂ, ਤਾਂ ਕਿਰਪਾ ਕਰਕੇ ਇਸ ਖੇਤਰ ਵਿੱਚ "0" ਦਰਜ ਕਰੋ।)
- 2020 ਲਈ ਸਲਾਨਾ ਕੁੱਲ ਰਸੀਦਾਂ (ਇਸ ਦਾ ਤੁਹਾਡੀਆਂ ਟੈਕਸ ਰਿਟਰਨਾਂ ਨਾਲ ਮੇਲ ਖਾਉਣਾ ਲਾਜ਼ਮੀ ਹੈ। ਜੇਕਰ ਤੁਸੀਂ 2020 ਵਿੱਚ ਟੈਕਸ ਰਿਟਰਨਾਂ ਦਾਇਰ ਨਹੀਂ ਕੀਤੀਆਂ, ਤਾਂ ਕਿਰਪਾ ਕਰਕੇ ਇਸ ਖੇਤਰ ਵਿੱਚ "0" ਦਰਜ ਕਰੋ।)
- ਕੀ ਇਹ ਮਨਜ਼ੂਰੀ ਨਵੀਆਂ ਨੌਕਰੀਆਂ ਪੈਦਾ ਕਰੇਗੀ?
- 2020 ਵਿੱਚ ਪੂਰੇ-ਸਮੇਂ ਦੇ ਕਰਮਚਾਰੀਆਂ ਦਾ #
- 2020 ਵਿੱਚ ਆਂਸ਼ਿਕ-ਸਮੇਂ ਦੇ ਕਰਮਚਾਰੀਆਂ ਦਾ #
- 2020 ਵਿੱਚ ਪੈਦਾ ਹੋਈਆਂ ਨੌਕਰੀਆਂ ਦਾ #
- 2020 ਵਿੱਚ ਬਰਕਰਾਰ ਨੌਕਰੀਆਂ ਦਾ #

ਧਿਆਨ ਦਿਓ: ਸਾਡੀ ਵੈੱਬ ਅਰਜ਼ੀ ਦੇ ਮਕਸਦ ਵਾਸਤੇ, "ਕਾਰੋਬਾਰ" ਤੋਂ ਭਾਵ ਕਿਸੇ ਮੁਨਾਫੇ ਲਈ ਕੰਮ ਕਰਦੇ ਕਾਰੋਬਾਰ ਜਾਂ ਗੈਰ-ਮੁਨਾਫਾ ਸੰਸਥਾ ਤੋਂ ਹੈ।



ਕਿਰਪਾ ਕਰਕੇ ਅੰਡਰਸਕੋਰ ਸਮੇਤ, ਵਨ-ਟਾਈਮ ਕੋਡ ਦਰਜ ਕਰੋ, ਜੋ ਤੁਹਾਡੇ ਡ੍ਰੀਮ ਫੰਡ ਸਿਖਲਾਈ ਪ੍ਰੋਗਰਾਮ ਦੇ ਪੂਰਾ ਹੋਣ 'ਤੇ ਤੁਹਾਨੂੰ ਪ੍ਰਦਾਨ ਕੀਤਾ ਗਿਆ ਸੀ।

ਤੁਸੀਂ ਆਪਣੇ ਮੁਕੰਮਲ ਹੋਣ ਦੇ ਪ੍ਰਮਾਣ-ਪੱਤਰ 'ਤੇ ਵੀ ਆਪਣਾ ਵਿਲੱਖਣ ਕੋਡ ਦੇਖ ਸਕਦੇ ਹੋ। ਮਹੱਤਵਪੂਰਨ ਨੋਟ: ਤੁਹਾਨੂੰ ਇਸ ਐਪਲੀਕੇਸ਼ਨ ਦੇ "ਦਸਤਾਵੇਜ਼ ਅਪਲੋਡ ਕਰੋ" ਭਾਗ ਵਿੱਚ ਪ੍ਰਮਾਣ-ਪੱਤਰ ਦੀ ਇੱਕ ਨਕਲ ਵੀ ਅਪਲੋਡ ਕਰਨ ਦੀ ਲੋੜ ਹੋਵੇਗੀ।

ਇਸ ਮਨਜ਼ੂਰੀ ਲਈ ਅਰਜ਼ੀ ਦੇਣ ਲਈ ਤੁਹਾਡਾ ਇੱਕ ਪਾੱਤਰ ਡ੍ਰੀਮ ਫੰਡ ਸਿਖਲਾਈ ਪ੍ਰੋਗਰਾਮ ਨੂੰ ਪੂਰਾ ਕੀਤਾ ਹੋਣਾ ਲਾਜ਼ਮੀ ਹੈ।

ਕੇਂਦਰ ਦੀ ਭਾਲ ਕਰਨ ਲਈ ਇੱਥੇ ਕਲਿੱਕ ਕਰੋ

ਭਾਗੀਦਾਰ ਕੇਂਦਰਾਂ ਨੂੰ ਦੇਖਣ ਲਈ ਇੱਥੇ ਕਲਿੱਕ ਕਰੋ



# ਖੰਡ 5: ਜਨ-ਅੰਕੜੇ

CALIFORNIA DREAM FUND

## ਕਿਹੜੀ ਜਾਣਕਾਰੀ ਦੀ ਲੋੜ ਹੈ?

- ਤੁਹਾਡਾ ਗਾਹਕ ਆਧਾਰ ਕੀ ਹੈ?
  - B2B: ਵਪਾਰ ਤੋਂ ਵਪਾਰ
  - B2C: ਵਪਾਰ ਤੋਂ ਉਪਭੋਗਤਾ
- ਤੁਹਾਡਾ ਕਾਰੋਬਾਰ ਕੀ ਕਰਦਾ ਹੈ?
- ਇਹ ਕਿਸ ਕਿਸਮ ਦਾ ਕਾਰੋਬਾਰ ਹੈ?
- NAICS ਕੋਡ
- ਔਰਤਾਂ ਦੀ ਮਲਕੀਅਤ? (ਹਾਂ ਜਾਂ ਨਹੀਂ)[1]
- ਅਨੁਭਵੀ ਦੀ ਮਲਕੀਅਤ? (ਹਾਂ ਜਾਂ ਨਹੀਂ)[1]
- ਅਪਾਹਜ ਦੀ ਮਲਕੀਅਤ? (ਹਾਂ ਜਾਂ ਨਹੀਂ)[1]
- ਫ੍ਰੈਂਚਾਈਜ਼? (ਹਾਂ ਜਾਂ ਨਹੀਂ)[1]
- ਪੇਂਡੂ? (ਹਾਂ ਜਾਂ ਨਹੀਂ)[1]
- ਪਸੰਦੀਦਾ ਭਾਸ਼ਾ[1]

[1]ਜਵਾਬ ਯੋਗਤਾ ਨੂੰ ਪ੍ਰਭਾਵਿਤ ਨਹੀਂ ਕਰੇਗਾ



CALIFORNIA DREAM FUND

## ਕਿਹੜੀ ਜਾਣਕਾਰੀ ਦੀ ਲੋੜ ਹੈ?

- ਅਰਜ਼ੀ ਦੀ ਮਿਤੀ ਤੋਂ, ਕੀ ਤੁਹਾਡਾ ਵਪਾਰ ਖੁੱਲ੍ਹਾ ਹੈ ਅਤੇ ਕੰਮ ਚੱਲ ਰਿਹਾ ਹੈ?
- ਕੀ ਤੁਸੀਂ ਲਾਗੂ ਸੰਘੀ, ਰਾਜ, ਅਤੇ ਸਥਾਨਕ ਕਾਨੂੰਨਾਂ, ਨਿਯਾਮਕਾਂ, ਕੋਡਾਂ, ਅਤੇ ਲੋੜਾਂ ਦੀ ਕਾਫ਼ੀ ਪਾਲਣਾ ਕਰਦੇ ਹੋ?
- ਕੀ ਤੁਹਾਡਾ ਵਪਾਰ ਗੈਰ-ਮੁਨਾਫ਼ਾ ਜਾਂ ਮੁਨਾਫੇ ਵਾਲੇ ਵਪਾਰ ਵਜੋਂ ਸੰਗਠਿਤ ਹੈ?
- ਕੀ ਤੁਸੀਂ ਕੈਲੀਫੋਰਨੀਆ ਡਿਪਾਰਟਮੈਂਟ ਆਫ਼ ਜਸਟਿਸ ਚੈਰੀਟੇਬਲ ਟ੍ਰਸਟ ਰਜਿਸਟਰੀ ਨਾਲ ਆਪਣਾ ਵਪਾਰ ਰਜਿਸਟਰ ਕੀਤਾ ਹੈ?
- ਤੁਸੀਂ ਕਿਸ ਅਧਿਆਇ ਦੇ ਤਹਿਤ IRS ਛੋਟ ਲਈ ਫਾਈਲ ਕਰਨ ਦਾ ਇਰਾਦਾ ਰੱਖਦੇ ਹੋ?
- ਕੀ ਤੁਸੀਂ ਕਿਸੇ ਸੰਘੀ, ਰਾਜ, ਜਾਂ ਸਥਾਨਕ ਟੈਕਸਾਂ ਦੇ ਦੇਣਦਾਰ ਹੋ ਅਤੇ ਤੁਹਾਡੇ ਕੋਲ ਮਨਜ਼ੂਰਸ਼ੁਦਾ ਮੁੜਭੁਗਤਾਨ, ਮੁਲਤਵੀ ਯੋਜਨਾ ਨਹੀਂ ਹੈ, ਜਾਂ ਤੁਸੀਂ ਢੁਕਵੇਂ ਸੰਘੀ, ਰਾਜ, ਅਤੇ ਸਥਾਨਕ ਕਰ ਅਧਿਕਾਰੀਆਂ ਨਾਲ ਸਮਝੌਤਾ ਨਹੀਂ ਕੀਤਾ ਹੈ?
- ਕੀ ਤੁਹਾਡਾ ਵਪਾਰ 7/2/19 ਤੋਂ ਪਹਿਲਾਂ ਸਥਾਪਿਤ ਹੋਇਆ ਸੀ?
- 2021 ਲਈ ਸਲਾਨਾ ਕੁੱਲ ਰਸੀਦਾਂ
- ਤੁਸੀਂ 2021 ਵਿੱਚ ਕਿੰਨੇ ਮਹੀਨੇ ਕੰਮ ਕਰ ਰਹੇ ਸੀ?
- ਕੀ ਤੁਹਾਡੇ ਵਪਾਰ ਨੂੰ ਲਾਇਸੰਸ ਪ੍ਰਾਪਤ ਕਰਨ ਲਈ ਪਹਿਲਾਂ ਤੋਂ 25% ਮਨਜ਼ੂਰੀ ਦੀ ਲੋੜ ਹੈ?
- ਕੀ ਬਿਨੈਕਾਰ ਦੀ ਮਲਕੀਅਤ ਜਾਂ ਇਕੁਇਟੀ ਵਿਆਜ ਦੇ 10% ਤੋਂ ਵੱਧ ਦੇ ਕਿਸੇ ਮਾਲਕ (i) ਨੂੰ ਕਿਸੇ ਵੀ ਸਮੇਂ ਅਜਿਹੇ ਮਾਲਕ ਲਈ ਦੋਸ਼ੀ ਠਹਿਰਾਇਆ ਗਿਆ ਸੀ ਜਾਂ ਉਸ ਦੇ ਵਿਰੁੱਧ ਸਿਵਲ ਫੈਸਲਾ ਲਿੱਤਾ ਗਿਆ ਸੀ, ਜਾਂ ਇਸ ਲਈ ਪੈਰੋਲ ਜਾਂ ਪ੍ਰੋਬੇਸ਼ਨ (ਨਿਰਣੇ ਤੋਂ ਪਹਿਲਾਂ ਪ੍ਰੋਬੇਸ਼ਨ ਸਮੇਤ) ਦੇ ਕਿਸੇ ਵੀ ਰੂਪ ਦੀ ਸ਼ੁਰੂਆਤ ਕੀਤੀ ਗਈ ਸੀ (ਏ) ਕਿਸੇ ਜਨਤਕ ਲੈਣ-ਦੇਣ ਦੇ ਤਹਿਤ ਜਨਤਕ (ਸੰਘੀ, ਰਾਜ ਜਾਂ ਸਥਾਨਕ) ਲੈਣ-ਦੇਣ ਜਾਂ ਇਕਰਾਰਨਾਮੇ ਨੂੰ ਪ੍ਰਾਪਤ ਕਰਨ, ਜਾਂ ਕਰਨ ਦੀ ਕੋਸ਼ਿਸ਼ ਕਰਨ, ਜਾਂ ਕਰਨ ਦੇ ਸਬੰਧ ਵਿੱਚ ਧੋਖਾਧੜੀ ਦੇ ਕਮਿਸ਼ਨ ਜਾਂ ਅਪਰਾਧਿਕ ਅਪਰਾਧ ਦਾ ਕਮਿਸ਼ਨ, (ਬੀ) ਸੰਘ ਜਾਂ ਰਾਜ ਐਂਟੀ-ਟ੍ਰਸਟ ਜਾਂ ਖਰੀਦਦਾਰੀ ਕਾਨੂੰਨ ਦੀ ਉਲੰਘਣਾ, ਜਾਂ (ਸੀ) ਗਬਨ, ਚੋਰੀ, ਜਾਅਲਸਾਜ਼ੀ, ਰਿਸ਼ਵਤਖੋਰੀ, ਫਰਜ਼ੀ ਬਿਆਨਾਂ ਜਾਂ ਰਿਕਾਰਡਾਂ ਨੂੰ ਨਸ਼ਟ ਕਰਨ, ਝੂਠੇ ਬਿਆਨ ਦੇਣ, ਜਾਂ ਚੋਰੀ ਕੀਤੀ ਜਾਇਦਾਦ ਪ੍ਰਾਪਤ ਕਰਨ ਦਾ ਕਮਿਸ਼ਨ; ਜਾਂ (ii) ਵਰਤਮਾਨ ਵਿੱਚ ਕਿਸੇ ਸਰਕਾਰੀ ਸੰਸਥਾ, (ਸੰਘੀ, ਰਾਜ ਜਾਂ ਸਥਾਨਕ) ਦੁਆਰਾ ਉਪਰੋਕਤ ਉਪ-ਪੈਰਾਗ੍ਰਾਫ (i) ਵਿੱਚ ਦਰਸਾਏ ਗਏ ਕਿਸੇ ਵੀ ਅਪਰਾਧ ਦੇ ਕਮਿਸ਼ਨ ਦੇ ਨਾਲ ਅਪਰਾਧਿਕ ਜਾਂ ਸਿਵਲ ਤੌਰ 'ਤੇ ਦੋਸ਼ ਲਗਾਇਆ ਗਿਆ ਹੈ?



# ਖੰਡ 7: ਦਸਤਾਵੇਜ਼ ਅਪਲੋਡ ਕਰੋ

CALIFORNIA DREAM FUND

## ਕਦਮ 1

ਆਪਣੀ ਡੀਵਾਈਸ ਉੱਤੇ ਦਸਤਾਵੇਜ਼ ਫਾਈਲ ਲੱਭਣ ਲਈ ਅੱਪਲੋਡ ਆਈਕੌਨ ਦੀ ਚੋਣ ਕਰੋ।

## ਕਦਮ 2

ਜੇਕਰ ਫਾਈਲ ਪਾਸਵਰਡ ਨਾਲ ਸੁਰੱਖਿਅਤ ਹੈ, ਤਾਂ "**ਪਾਸਵਰਡ ਸੁਰੱਖਿਅਤ?**" ਸਿਰਲੇਖ ਵਾਲੇ ਡ੍ਰੌਪਡਾਉਨ ਮੀਨੂ ਤੋਂ ਹਾਂ ਚੁਣੋ ਅਤੇ ਫਾਈਲ ਦਾ ਪਾਸਵਰਡ ਦਰਜ ਕਰੋ। ਜੇਕਰ ਫਾਈਲ ਪਾਸਵਰਡ ਸੁਰੱਖਿਅਤ ਨਹੀਂ ਹੈ, ਤਾਂ ਨਹੀਂ ਚੁਣੋ। ਜੇ ਫਾਈਲ ਪਾਸਵਰਡ ਨਾਲ ਰੱਖਿਅਤ ਨਹੀਂ ਹੈ, ਤਾਂ NO ਦੀ ਚੋਣ ਕਰੋ।




**ਹਾਂ** ਚੁਣਿਆ ਗਿਆ ਜੇ ਫਾਈਲ ਪਾਸਵਰਡ ਨਾਲ ਸੁਰੱਖਿਅਤ ਹੈ।




**ਨਹੀਂ** ਚੁਣਿਆ ਗਿਆ ਜੇ ਫਾਈਲ ਦਾ ਕੋਈ ਪਾਸਵਰਡ ਨਹੀਂ ਹੈ।

## ਕਦਮ 3

ਸਥਿਤੀ "ਬੇਨਤੀ ਕੀਤੀ" ⚠ ਤੋਂ "ਜਮ੍ਹਾਂ ਕੀਤੀ" ਵਿੱਚ ਬਦਲਣੀ ਚਾਹੀਦੀ ਹੈ। ⌛

## ਕਦਮ 4

ਇਹਨਾਂ ਸਾਰੇ ਕਦਮਾਂ ਨੂੰ ਤਦ ਤੱਕ ਦੁਹਰਾਓ ਜਦ ਤੱਕ ਸਾਰੇ ਦਸਤਾਵੇਜ਼ ਅੱਪਲੋਡ ਨਹੀਂ ਕਰ ਦਿੱਤੇ ਜਾਂਦੇ।



## ਤੁਹਾਡੀ ਬੈਂਕਿੰਗ ਜਾਣਕਾਰੀ ਦੀ ਲੋੜ ਕਿਉਂ ਹੁੰਦੀ ਹੈ?

ACH ਟ੍ਰਾਂਸਫਰ ਸਥਾਪਤ ਕਰਨ ਲਈ Lendistry ਇੱਕ ਤੀਜੀ-ਧਿਰ ਦੀ ਤਕਨਾਲੋਜੀ (Plaid) ਦੀ ਵਰਤੋਂ ਕਰਦੀ ਹੈ, ਅਜਿਹਾ ਯੂ.ਐੱਸ. ਵਿੱਚ ਕਿਸੇ ਵੀ ਬੈਂਕ ਜਾਂ ਕ੍ਰੈਡਿਟ ਯੂਨੀਅਨ ਤੋਂ ਖਾਤਿਆਂ ਨੂੰ Lendistry ਦੀ ਪੋਰਟਲ ਵਰਗੀ ਕਿਸੇ ਐਪ ਨਾਲ ਕਨੈਕਟ ਕਰਨ ਦੁਆਰਾ ਕੀਤਾ ਜਾਂਦਾ ਹੈ। ਤੀਜੀ-ਧਿਰ ਬਿਨਾਂ ਤੁਹਾਡੀ ਆਗਿਆ ਦੇ ਤੁਹਾਡੀ ਨਿੱਜੀ ਜਾਣਕਾਰੀ ਸਾਂਝੀ ਨਹੀਂ ਕਰਦੀ ਅਤੇ ਇਸਨੂੰ ਬਾਹਰੀ ਕੰਪਨੀਆਂ ਨੂੰ ਵੇਚਦੀ ਨਹੀਂ ਜਾਂ ਕਿਰਾਏ 'ਤੇ ਨਹੀਂ ਦਿੰਦੀ। Lendistry ਇਸ ਤਕਨਾਲੋਜੀ ਦੀ ਵਰਤੋਂ ਸਿਰਫ਼ ਤੁਹਾਡੀਆਂ ਬੈਂਕ ਸਟੇਟਮੈਂਟਾਂ ਦੀ ਤਸਦੀਕ ਕਰਨ ਲਈ ਕਰਦੀ ਹੈ। ਬੈਂਕ ਪੁਸ਼ਟੀਕਰਨ ਦੀ ਇਸ ਵਿਧੀ ਨੂੰ ਤਰਜੀਹ ਦਿੱਤੀ ਜਾਂਦੀ ਹੈ ਪਰ ਇਹ ਹਮੇਸ਼ਾ ਕੰਮ ਨਹੀਂ ਕਰੇਗੀ ਜੇ ਤੁਹਾਡੀ ਬੈਂਕਿੰਗ ਸੰਸਥਾ ਪ੍ਰਦਾਨਕ ਦੇ ਰਾਹੀਂ ਉਪਲਬਧ ਨਹੀਂ ਹੈ। ਇਸ ਸਥਿਤੀ ਵਿੱਚ, ਤੁਸੀਂ ਹੱਥੀਂ ਜਾਣਕਾਰੀ ਦਰਜ ਕਰਕੇ ਆਪਣੇ ਬੈਂਕ ਖਾਤੇ ਦੀ ਪੁਸ਼ਟੀ ਕਰ ਸਕਦੇ ਹੋ।

## ਮਹੱਤਵਪੂਰਣ ਨੋਟ

- ਇਕੱਲੇ ਮਾਲਕਾਂ ਨੂੰ ਛੱਡ ਕੇ, ਸਾਰੇ ਬਿਨੈਕਾਰਾਂ ਨੂੰ ਵਪਾਰਕ ਬੈਂਕਿੰਗ ਖਾਤੇ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ। ਇਕੱਲੇ ਮਾਲਕ ਇੱਕ ਨਿੱਜੀ ਬੈਂਕਿੰਗ ਖਾਤੇ ਦੀ ਵਰਤੋਂ ਕਰ ਸਕਦੇ ਹਨ, ਪਰ ਇਸਦਾ ਅਰਜ਼ੀ ਵਿੱਚ ਸੂਚੀਬੱਧ ਨਾਮ ਨਾਲ ਮੇਲ਼ ਖਾਣਾ ਲਾਜ਼ਮੀ ਹੈ। !




1




Plaid 'ਤੇ ਜਾਰੀ ਰੱਖੋ।

2




ਆਪਣੀ ਬੈਂਕਿੰਗ ਸੰਸਥਾ ਲੱਭੋ।

3




ਆਪਣੇ ਔਨਲਾਈਨ ਬੈਂਕਿੰਗ ਖਾਤੇ ਵਿੱਚ ਸਾਈਨ ਇਨ ਕਰੋ।

4




ਇਜਾਜ਼ਤ ਦੀ ਪੁਸ਼ਟੀ ਕਰੋ।

ਇਸ ਖੰਡ ਵਿੱਚ, ਤੁਹਾਨੂੰ ਆਪਣੀ ਵੈਧ ਸਰਕਾਰ ਦੁਆਰਾ ਜਾਰੀ ID ਦੀ ਇੱਕ ਤਸਵੀਰ ਅਪਲੋਡ ਕਰਕੇ ਪਰਸੋਨਾ ਦੀ ਵਰਤੋਂ ਕਰਦੇ ਹੋਏ ਆਪਣੀ ਪਛਾਣ ਦੀ ਪੁਸ਼ਟੀ ਕਰਨ ਦੀ ਲੋੜ ਹੋਵੇਗੀ। ਤੁਹਾਨੂੰ ਫਰੰਟ-ਫੇਸਿੰਗ ਕੈਮਰੇ ਵਾਲੇ ਉਪਕਰਣ ਦੀ ਵਰਤੋਂ ਕਰਕੇ ਸੈਲਫੀ ਲੈਣ ਦੀ ਵੀ ਲੋੜ ਹੋਵੇਗੀ।

## ਪਰਸੋਨਾ ਕੀ ਹੈ?

ਪਰਸੋਨਾ ਇੱਕ ਤੀਜੀ-ਧਿਰ ਦਾ ਪਲੇਟਫਾਰਮ ਹੈ ਜੋ ਲੇਂਡਿਸਟ੍ਰੀ ਦੁਆਰਾ ਇਸਦੀ ਧੋਖਾਧੜੀ ਦੀ ਰੋਕਥਾਮ ਅਤੇ ਮਿਟਿਗੇਸ਼ਨ ਦੀ ਪ੍ਰਕਿਰਿਆ ਵਿੱਚ ਵਰਤਿਆ ਜਾਂਦਾ ਹੈ। ਪਰਸੋਨਾ ਪਲੇਟਫਾਰਮ ਲੇਂਡਿਸਟ੍ਰੀ ਨੂੰ 3-ਪੁਆਇੰਟ ਕੰਪੋਜ਼ਿਟ ਅਤੇ ਬਾਯੋਮੈਟ੍ਰਿਕ ਲਿਵਨੇਸ ਜਾਂਚਾਂ ਦੇ ਨਾਲ ਵਿਅਕਤੀ ਦੀ ਸੈਲਫੀ ਦੀ ਉਹਨਾਂ ਦੇ ID ਪੋਰਟ੍ਰੇਟ ਨਾਲ ਸਵੈਚਲਿਤ ਤੌਰ 'ਤੇ ਤੁਲਨਾ ਕਰਕੇ ਕਿਸੇ ਵਿਅਕਤੀ ਦੀ ਪਛਾਣ ਦੀ ਪੁਸ਼ਟੀ ਕਰਨ ਅਤੇ ਪਛਾਣ ਦੀ ਧੋਖਾਧੜੀ ਤੋਂ ਸੁਰੱਖਿਆ ਕਰਨ ਦੇ ਯੋਗ ਬਣਾਉਂਦਾ ਹੈ।



CALIFORNIA DREAM FUND

ਆਪਣੀ ਅਰਜ਼ੀ ਜਮ੍ਹਾਂ ਕਰਨ ਤੋਂ ਪਹਿਲਾਂ, ਤੁਸੀਂ ਆਪਣੇ ਜਵਾਬਾਂ ਦੀ ਸਮੀਖਿਆ ਕਰਨ ਦੇ ਯੋਗ ਹੋਵੋਗੇ। ਇਸ ਨੂੰ ਜਮ੍ਹਾਂ ਕਰਨ ਲਈ ਤੁਹਾਡਾ ਅਰਜ਼ੀ ਦੇ **ਸਾਰੇ ਖੰਡਾਂ** ਨੂੰ ਪੂਰਾ ਕਰਨਾ ਲਾਜ਼ਮੀ ਹੈ। ਇਸ ਵਿੱਚ ਸ਼ਾਮਲ ਹਨ:

- ਅਰਜ਼ੀ ਫਾਰਮ ਵਿੱਚ ਸਾਰੇ ਖੇਤਰਾਂ ਨੂੰ ਭਰਨਾ;
- ਸਾਰੇ ਲੋੜੀਂਦੇ ਦਸਤਾਵੇਜ਼ ਅਪਲੋਡ ਕਰਨਾ;
- ਆਪਣੇ ਬੈਂਕ ਖਾਤੇ ਦੀ ਪੁਸ਼ਟੀ ਕਰਨਾ; ਅਤੇ
- ਆਪਣੀ ਪਛਾਣ ਦੀ ਪੁਸ਼ਟੀ ਕਰਨਾ।

## ਆਪਣੀ ਅਰਜੀ ਦੀ ਸਮੀਖਿਆ ਕਰਨਾ

1. ਜੇ ਤੁਹਾਨੂੰ ਆਪਣੀ ਅਰਜ਼ੀ ਸੋਧਣ ਦੀ ਲੋੜ ਹੈ ਤਾਂ "**I have some edits**" 'ਤੇ ਕਲਿੱਕ ਕਰੋ ਅਤੇ ਕਿਸੇ ਵੀ ਗਲਤੀਆਂ ਨੂੰ ਸੁਧਾਰੋ।
2. ਨਿਯਮ ਅਤੇ ਸ਼ਰਤਾਂ ਪੜ੍ਹੋ ਅਤੇ ਸਹਿਮਤ ਹੋਣ ਲਈ ਬਕਸੇ 'ਤੇ ਨਿਸ਼ਾਨ ਲਗਾਓ।
3. ਜੇਕਰ ਤੁਸੀਂ ਬਾਅਦ ਵਿੱਚ ਆਪਣੀ ਅਰਜ਼ੀ ਦੀ ਸਮੀਖਿਆ ਕਰਨਾ ਅਤੇ ਜਮ੍ਹਾਂ ਕਰਨਾ ਚਾਹੁੰਦੇ ਹੋ, ਤਾਂ "**ਸੇਵ ਕਰੋ ਅਤੇ ਬਾਅਦ ਵਿੱਚ ਵਾਪਸ ਆਓ**" 'ਤੇ ਕਲਿੱਕ ਕਰੋ। ਆਪਣੀ ਅਰਜ਼ੀ ਦਾ ਪ੍ਰਬੰਧਨ ਕਰਨ ਲਈ ਤੁਸੀਂ ਕਿਸੇ ਵੀ ਸਮੇਂ ਪੋਰਟਲ ਵਿੱਚ ਸਾਈਨ ਇਨ ਕਰ ਸਕਦੇ ਹੋ। ਪੋਰਟਲ ਵਿੱਚ, ਤੁਸੀਂ ਆਪਣੀ ਅਰਜ਼ੀ ਨੂੰ ਸਮਾਪਤ ਅਤੇ ਪੂਰਾ ਕਰਨ, ਦਸਤਾਵੇਜ਼ ਅਪਲੋਡ ਕਰਨ, ਆਪਣੀ ਬੈਂਕ ਜਾਣਕਾਰੀ ਨੂੰ ਲਿੰਕ ਕਰਨ, ਅਤੇ ਸਥਿਤੀ ਅਪਡੇਟਾਂ ਦੀ ਜਾਂਚ ਕਰਨ ਦੇ ਯੋਗ ਹੋਵੋਗੇ।
4. ਜਦੋਂ ਤੁਸੀਂ ਆਪਣੀ ਅਰਜ਼ੀ ਦੀ ਸਮੀਖਿਆ ਕਰ ਲੈਂਦੇ ਹੋ ਅਤੇ ਪੁਸ਼ਟੀ ਕਰ ਲੈਂਦੇ ਹੋ ਕਿ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਸਾਰੀ ਜਾਣਕਾਰੀ ਸਹੀ ਹੈ, ਤਾਂ ਆਪਣੀ ਅਰਜ਼ੀ ਜਮ੍ਹਾਂ ਕਰਾਉਣ ਲਈ "**ਸਭ ਕੁਝ ਵਧੀਆ ਹੈ, ਅਰਜ਼ੀ ਜਮ੍ਹਾਂ ਕਰੋ**" 'ਤੇ ਕਲਿੱਕ ਕਰੋ। ਇੱਕ ਵਾਰ ਜਦੋਂ ਤੁਸੀਂ ਆਪਣੀ ਅਰਜ਼ੀ ਜਮ੍ਹਾਂ ਕਰਾਉਂਦੇ ਹੋ, ਤਾਂ ਤੁਸੀਂ ਆਪਣੇ ਜਵਾਬਾਂ ਨੂੰ ਸੰਪਾਦਿਤ ਕਰਨ ਦੇ ਯੋਗ ਨਹੀਂ ਹੋਵੋਗੇ।



# ਅਰਜੀ ਨੂੰ ਜਮ੍ਹਾਂ ਕਰਨਾ

ਇਹ ਪੁਸ਼ਟੀ ਕਰਨ ਲਈ ਕਿ ਤੁਹਾਡੀ ਅਰਜ਼ੀ ਪ੍ਰਾਪਤ ਹੋ ਗਈ ਹੈ, ਤੁਹਾਨੂੰ noreply@lendistry.com ਤੋਂ ਇੱਕ ਪੁਸ਼ਟੀਕਰਨ ਈਮੇਲ ਪ੍ਰਾਪਤ ਹੋਵੇਗੀ। ਜੇਕਰ ਹੋਰ ਜਾਣਕਾਰੀ ਜਾਂ ਦਸਤਾਵੇਜ਼ਾਂ ਦੀ ਲੋੜ ਹੈ, ਤਾਂ ਲੇਂਡਿਸਟ੍ਰੀ ਤੁਹਾਡੇ ਦੁਆਰਾ ਜਮ੍ਹਾਂ ਕੀਤੀ ਜਾਣਕਾਰੀ ਦੀ ਪੁਸ਼ਟੀ ਕਰਨ ਲਈ ਈਮੇਲ, ਫ਼ੋਨ, ਅਤੇ/ਜਾਂ ਟੈਕਸਟ (ਜੇ ਅਧਿਕਾਰਤ ਹੈ) ਦੁਆਰਾ ਤੁਹਾਡੇ ਨਾਲ ਸੰਪਰਕ ਕਰ ਸਕਦੀ ਹੈ। ਲੇਂਡਿਸਟ੍ਰੀ ਇਹ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਉਪਲਬਧ ਹੈ ਕਿ ਕਿਹੜੀ ਵਪਾਰਕ ਜਾਣਕਾਰੀ ਦੀ ਲੋੜ ਹੈ ਅਤੇ ਦਸਤਾਵੇਜ਼ਾਂ ਨੂੰ ਕਿਵੇਂ ਅਪਲੋਡ ਕਰਨਾ ਹੈ।

ਪੁਸ਼ਟੀਕਰਨ ਈਮੇਲਾਂ ਲੇਂਡਿਸਟ੍ਰੀ ਤੋਂ noreply@lendistry.com 'ਤੇ ਆਉਂਦੀਆਂ ਹਨ। ਜੇਕਰ ਤੁਹਾਨੂੰ ਆਪਣੀ ਅਰਜ਼ੀ ਜਮ੍ਹਾਂ ਕਰਨ ਤੋਂ ਬਾਅਦ ਕੋਈ ਪੁਸ਼ਟੀਕਰਨ ਈਮੇਲ ਪ੍ਰਾਪਤ ਨਹੀਂ ਹੋਈ, ਤਾਂ ਕਿਰਪਾ ਕਰਕੇ noreply@lendistry.com ਤੋਂ ਈਮੇਲਾਂ ਲਈ ਆਪਣੇ ਸਪੈਮ ਫੋਲਡਰ ਦੀ ਜਾਂਚ ਕਰੋ ਅਤੇ ਈਮੇਲ ਪਤੇ ਨੂੰ ਆਪਣੇ ਈਮੇਲ ਖਾਤੇ ਦੀ ਸੁਰੱਖਿਅਤ ਭੇਜਣ ਵਾਲੀ ਸੂਚੀ ਵਿੱਚ ਸ਼ਾਮਲ ਕਰੋ।

ਸੁਝਾਅ: ਆਪਣੀ ਖੋਜ ਬਾਰ ਵਿੱਚ “Lendistry” ਲਿਖੋ।





CALIFORNIA DREAM FUND

# ਸਮੀਖਿਆ ਪਰਕਿਰਿਆ

ਕੈਲੀਫੋਰਨੀਆ ਡ੍ਰੀਮ ਫੰਡ ਦਾ ਕੈਲੀਫੋਰਨੀਆ ਆਫਿਸ ਆਫ ਦਾ ਸਮਾਲ ਬਿਜ਼ਨਸ ਐਡਵੋਕੇਟ (CalOSBA)
ਦੁਆਰਾ ਤਕਨੀਕੀ ਸਹਾਇਤਾ ਵਿਸਤਾਰ ਕਾਰਜਕ੍ਰਮ (TAEP) ਦੇ ਚੁਣਿੰਦਾ ਕੇਂਦਰਾਂ ਦੇ ਜਰੀਏ ਪ੍ਰਬੰਧਨ ਕੀਤਾ ਜਾਂਦਾ ਹੈ।

CALIFORNIA DREAM FUND

### ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਨੂੰ ਮਨਜ਼ੂਰੀ ਦਿੱਤੀ ਗਈ ਸੀ?

ਇਸ ਪ੍ਰੋਗਰਾਮ ਲਈ ਅਰਜ਼ੀ ਪਰਕਿਰਿਆ ਵਿੱਚ ਪ੍ਰਮਾਣਿਕਤਾ ਦੇ ਕਈ ਪੜਾਅ ਸ਼ਾਮਲ ਹਨ। ਮਨਜ਼ੂਰੀ ਲਈ ਵਿਚਾਰ ਕੀਤੇ ਜਾਣ ਲਈ ਤੁਹਾਡਾ ਪਹਿਲਾਂ ਪ੍ਰੋਗਰਾਮ ਦੀਆਂ ਘੱਟੋ-ਘੱਟ ਪਾੱਤਰਤਾ ਲੋੜਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ। **ਮਹੱਤਵਪੂਰਨ ਨੋਟ: ਘੱਟੋ-ਘੱਟ ਪਾੱਤਰਤਾ ਲੋੜਾਂ ਨੂੰ ਪੂਰਾ ਕਰਨਾ ਮਨਜ਼ੂਰੀ ਅਵਾਰਡ ਦੀ ਗਰੰਟੀ ਨਹੀਂ ਦਿੰਦਾ ਹੈ।**

ਇੱਕ ਵਾਰ ਜਦੋਂ ਤੁਹਾਨੂੰ ਇਸ ਪ੍ਰੋਗਰਾਮ ਲਈ ਪਾੱਤਰ ਹੋਣ ਲਈ ਨਿਰਧਾਰਤ ਕੀਤਾ ਜਾਂਦਾ ਹੈ, ਤਾਂ ਤੁਹਾਡੀ ਅਰਜ਼ੀ ਫੇਰ ਇਹ ਨਿਰਧਾਰਤ ਕਰਨ ਲਈ ਅੰਤਿਮ ਪ੍ਰਮਾਣਿਕਤਾ ਵਿੱਚੋਂ ਲੰਘੇਗੀ ਕਿ ਕੀ ਤੁਹਾਨੂੰ ਫੰਡਿੰਗ ਲਈ ਮਨਜ਼ੂਰੀ ਦਿੱਤੀ ਗਈ ਹੈ ਜਾਂ ਅਸਵੀਕਾਰ ਕੀਤਾ ਗਿਆ ਹੈ। ਇਸ ਪ੍ਰਮਾਣਿਕਤਾ ਪਰਕਿਰਿਆ ਦੇ ਹਿੱਸੇ ਵਜੋਂ, **ਤੁਹਾਨੂੰ ਫ਼ੋਨ 'ਤੇ ਲਾਈਵ ਕੁਝ ਖਾਸ ਜਾਣਕਾਰੀ ਦੀ ਪੁਸ਼ਟੀ ਕਰਨ ਦੀ ਲੋੜ ਹੋਵੇਗੀ**। ਲੇਂਡਿਸਟ੍ਰੀ ਦੀ ਟੀਮ ਦਾ ਇੱਕ ਮੈਂਬਰ ਇਸ ਪਰਕਿਰਿਆ ਨੂੰ ਪੂਰਾ ਕਰਨ ਲਈ ਸਿੱਧੇ ਤੁਹਾਡੇ ਨਾਲ ਸੰਪਰਕ ਕਰੇਗਾ।

ਇੱਕ ਵਾਰ ਜਦੋਂ ਤੁਹਾਡੀ ਅਰਜ਼ੀ ਪੂਰੀ ਤਰ੍ਹਾਂ ਪ੍ਰਮਾਣਿਤ ਹੋ ਜਾਂਦੀ ਹੈ, ਤਾਂ ਤੁਹਾਨੂੰ ਲੇਂਡਿਸਟ੍ਰੀ ਤੋਂ ਇੱਕ ਈਮੇਲ ਪ੍ਰਾਪਤ ਹੋਵੇਗੀ ਜਿਸ ਵਿੱਚ ਤੁਹਾਨੂੰ ਸੂਚਿਤ ਕੀਤਾ ਜਾਵੇਗਾ ਕਿ ਕੀ ਤੁਹਾਨੂੰ ਮਨਜ਼ੂਰੀ ਦੇ ਪੈਸਿਆਂ ਲਈ ਮਨਜ਼ੂਰੀ ਦਿੱਤੀ ਗਈ ਹੈ ਜਾਂ ਅਸਵੀਕਾਰ ਕੀਤਾ ਗਿਆ ਹੈ।

### ਮੈਂ ਆਪਣੀ ਅਰਜ਼ੀ ਦੀ ਸਥਿਤੀ ਦੀ ਜਾਂਚ ਕਿਵੇਂ ਕਰਨੀ ਹੈ?

ਤੁਸੀਂ ਆਪਣੇ ਦੁਆਰਾ ਰਜਿਸਟਰ ਕੀਤੇ ਯੂਜ਼ਰਨੇਮ, ਪਾਸਵਰਡ, ਅਤੇ ਮੋਬਾਈਲ ਨੰਬਰ ਦੀ ਵਰਤੋਂ ਕਰਕੇ ਲੇਂਡਿਸਟ੍ਰੀ ਦੇ ਪੋਰਟਲ ਵਿੱਚ ਸਾਈਨ ਇਨ ਕਰਕੇ ਕਿਸੇ ਵੀ ਸਮੇਂ ਆਪਣੀ ਅਰਜ਼ੀ ਦੀ ਸਥਿਤੀ ਦੀ ਜਾਂਚ ਕਰ ਸਕਦੇ ਹੋ। ਇੱਕ ਵਾਰ ਸਾਈਨ ਇਨ ਕਰਨ ਤੋਂ ਬਾਅਦ, ਸਥਿਤੀ ਡੈਸ਼ਬੋਰਡ 'ਤੇ ਦਿਖਾਈ ਦੇਵੇਗੀ।

**ਇੱਥੇ ਲੇਂਡਿਸਟ੍ਰੀ ਦੇ ਪੋਰਟਲ ਵਿੱਚ ਸਾਈਨ ਇਨ ਕਰੋ:**
https://cadreamfund.mylendistry.com/landing

### ਮੇਰੇ ਦਸਤਾਵੇਜ਼ ਅਤੇ ਬੈਂਕ ਦੀ ਜਾਣਕਾਰੀ ਨੂੰ ਪੂਰੀ ਤਰ੍ਹਾਂ ਪ੍ਰਮਾਣਿਤ ਕੀਤਾ ਗਿਆ ਹੈ ਅਤੇ ਮੈਨੂੰ ਫੰਡਿੰਗ ਲਈ ਮਨਜ਼ੂਰੀ ਮਿਲ ਗਈ ਹੈ। ਮੈਨੂੰ ਪੈਸੇ ਕਦੋਂ ਮਿਲਣਗੇ?

ਇੱਕ ਵਾਰ ਜਦੋਂ ਤੁਹਾਡੀ ਅਰਜ਼ੀ ਪੂਰੀ ਤਰ੍ਹਾਂ ਪ੍ਰਮਾਣਿਤ ਹੋ ਜਾਂਦੀ ਹੈ ਅਤੇ ਮਨਜ਼ੂਰੀ ਪੈਸਿਆਂ ਲਈ ਮਨਜ਼ੂਰੀ ਦਿੱਤੀ ਜਾਂਦੀ ਹੈ, ਤਾਂ ਤੁਹਾਡਾ ਗ੍ਰਾਂਟੀ ਇਕਰਾਰਨਾਮਾ ਅਤੇ W-9 ਫਾਰਮ ਤੁਹਾਡੇ ਲਈ ਲੇਂਡਿਸਟ੍ਰੀ ਦੇ ਪੋਰਟਲ ਵਿੱਚ ਇੱਕ **ਡੌਕਯੂਸਾਈਨ ਦਸਤਾਵੇਜ਼** ਦੇ ਰੂਪ ਵਿੱਚ ਉਪਲਬਧ ਹੋ ਜਾਵੇਗਾ। ਕਿਰਪਾ ਕਰਕੇ ਸਾਈਨ ਇਨ ਕਰੋ ਅਤੇ ਦੋਨਾਂ ਦਸਤਾਵੇਜ਼ਾਂ ਤੇ ਛੋਟੇ ਹਸਤਾਖਰ ਕਰਨ, ਦਸਤਖਤ ਕਰਨ ਅਤੇ ਮਿਤੀ ਪਾਉਣ ਲਈ DocuSign ਤੋਂ ਹਿਦਾਇਤਾਂ ਦੀ ਪਾਲਣਾ ਕਰੋ।

**ਇੱਥੇ ਲੇਂਡਿਸਟ੍ਰੀ ਦੇ ਪੋਰਟਲ ਵਿੱਚ ਸਾਈਨ ਇਨ ਕਰੋ:**
https://cadreamfund.mylendistry.com/landing

**ਮਹੱਤਵਪੂਰਨ ਨੋਟ: ਤੁਹਾਡੇ ਪੈਸੇ ਉਦੋਂ ਤਕ ਜਾਰੀ ਨਹੀਂ ਕੀਤੇ ਜਾਣਗੇ ਜਦੋਂ ਤਕ ਇਹ ਪੂਰਾ ਨਹੀਂ ਹੋ ਜਾਂਦਾ ਹੈ।**



CALIFORNIA DREAM FUND

# ਕਾਲ ਸੈਂਟਰ

## 888-585-7361

ਸੋਮਵਾਰ-ਸ਼ੁੱਕਰਵਾਰ

ਸਵੇਰੇ 7:00 ਵਜੇ - ਸ਼ਾਮ 7:00 ਵਜੇ ਤਕ PST

ਕੈਲੀਫੋਰਨੀਆ ਡ੍ਰੀਮ ਫੰਡ ਦਾ ਕੈਲੀਫੋਰਨੀਆ ਆਫਿਸ ਆਫ ਦਾ ਸਮਾਲ ਬਿਜ਼ਨਸ ਐਡਵੋਕੇਟ (CalOSBA) ਦੁਆਰਾ ਤਕਨੀਕੀ ਸਹਾਇਤਾ ਵਿਸਤਾਰ ਕਾਰਜਕ੍ਰਮ (TAEP) ਦੇ ਚੁਣਿੰਦਾ ਕੇਂਦਰਾਂ ਦੇ ਜਰੀਏ ਪ੍ਰਬੰਧਨ ਕੀਤਾ ਜਾਂਦਾ ਹੈ।